ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum (ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 10 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੨੮ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਲਾਅ ਕਾਲਜ ’ਚ ਵਿਦਿਆਰਥੀ ਨੇ ਵਿਦਿਆਰਥਣ ਦਾ ਗੋਲੀਆਂ ਮਾਰ ਕੇ ਕੀਤਾ ਕਤਲ, ਮਗਰੋਂ ਹਮਲਾਵਰ ਨੇ ਕੀਤੀ ਖ਼ੁਦਕੁਸ਼ੀ

**ਤਰਨ-ਤਾਰਨ, 9 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਤਰਨ ਤਾਰਨ ਦੇ ਪਿੰਡ ਉਸਮਾ ਸਥਿਤ ਇੱਕ ਨਾਮੀ ਲਾਅ ਕਾਲਜ ਵਿੱਚ ਅੱਜ ਉਸ ਵੇਲੇ ਸਨਸਨੀ ਫੈਲ ਗਈ, ਜਦੋਂ ਕਾਲਜ ਕੈਂਪਸ ਦੇ ਅੰਦਰ ਹੀ ਇੱਕ ਵਿਦਿਆਰਥੀ ਨੇ ਇੱਕ ਵਿਦਿਆਰਥਣ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਵਾਰਦਾਤ ਨੂੰ ਅੰਜਾਮ ਦੇਣ ਤੋਂ ਤੁਰੰਤ ਬਾਅਦ ਹਮਲਾਵਰ ਨੌਜਵਾਨ ਨੇ ਖ਼ੁਦ ਨੂੰ ਵੀ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਹੈ। ਮ੍ਰਿਤਕ ਦੀ ਪਛਾਣ ਸੰਦੀਪ ਕੌਰ (20) ਵਾਸੀ ਨੌਸ਼ਹਿਰਾ ਪੰਨੂਆਂ ਵਜੋਂ ਹੋਈ ਹੈ, ਜਦੋਂ ਕਿ ਲੜਕੇ ਦੀ ਪਛਾਣ ਪ੍ਰਿੰਸਰਾਜ ਸਿੰਘ ਵਾਸੀ ਮੱਲੀਆਂ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਕਾਲਜ ਦੇ ਅੰਦਰ ਵਾਪਰੀ ਜਿੱਥੇ ਨੌਜਵਾਨ ਨੇ ਅਚਾਨਕ ਲੜਕੀ ’ਤੇ ਅੰਨ੍ਹੇਵਾਹ ਫਾਇਰਿੰਗ ਸ਼ੁਰੂ ਕਰ ਦਿੱਤੀ। ਗੋਲੀਆਂ ਲੱਗਣ ਕਾਰਨ ਲੜਕੀ ਦੀ ਮੌਕੇ ’ਤੇ ਹੀ ਮੌਤ ਹੋ ਗਈ। ਕਾਲਜ ਵਿੱਚ ਮੌਜੂਦ ਵਿਦਿਆਰਥੀਆਂ ਅਤੇ ਸਟਾਫ਼ ਵਿੱਚ ਇਸ ਹਮਲੇ ਤੋਂ ਬਾਅਦ ਭਗਦੜ ਮਚ ਗਈ। ਲੜਕੀ ਨੂੰ ਮਾਰਨ ਤੋਂ ਬਾਅਦ ਹਮਲਾਵਰ ਨੇ ਖ਼ੁਦਕੁਸ਼ੀ ਵੀ ਕਰ ਲਈ। ਵਾਰਦਾਤ ਦੀ ਸੂਚਨਾ ਮਿਲਦੇ ਹੀ ਪੁਲਿਸ ਦੇ ਉੱਚ ਅਧਿਕਾਰੀ ਭਾਰੀ ਫੋਰਸ ਸਮੇਤ ਮੌਕੇ ’ਤੇ ਪਹੁੰਚੇ। ਪੁਲਿਸ ਨੇ ਦੋਵਾਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਮੌਕੇ ਤੋਂ ਗੋਲੀਆਂ ਦੇ ਖੋਲ ਅਤੇ ਹਥਿਆਰ ਬਰਾਮਦ ਕਰ ਲਏ ਗਏ ਹਨ ਅਤੇ ਫੋਰੈਂਸਿਕ ਟੀਮ ਵੱਲੋਂ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਪੁਲਿਸ ਨੇ ਪੂਰੇ ਕਾਲਜ ਨੂੰ ਸੀਲ ਕਰ ਦਿੱਤਾ ਹੈ।

## ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ, ਅਦਾਲਤੀ ਕੰਪਲੈਕਸ ’ਚ ਮਚਿਆ ਹੜਕੰਪ




**ਚੰਡੀਗੜ੍ਹ, 9 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਬੰਬ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਅਦਾਲਤੀ ਕੰਪਲੈਕਸ ’ਚ ਹੜਕੰਪ ਮਚ ਗਿਆ। ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਤੁਰੰਤ ਪੂਰੇ ਹਾਈਕੋਰਟ ਕੰਪਲੈਕਸ ਨੂੰ ਖਾਲੀ ਕਰਵਾਇਆ ਗਿਆ ਅਤੇ ਅਦਾਲਤੀ ਕੰਮਕਾਜ ਅਸਥਾਈ ਤੌਰ ‘ਤੇ ਰੋਕ ਦਿੱਤਾ ਗਿਆ। ਜਿਸ ਤੋਂ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ। ਸੂਚਨਾ ਮਿਲਦਿਆਂ ਹੀ ਪੁਲਿਸ ਦੀ ਟੀਮ ਮੌਕੇ ‘ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਸੁਰੱਖਿਆ ਏਜੰਸੀਆਂ ਵਲੋਂ ਪੂਰੇ ਕੰਪਲੈਕਸ ਦੀ ਤਲਾਸ਼ੀ ਲਈ ਗਈ। ਇਸ ਦੌਰਾਨ ਸਾਰੇ ਵਕੀਲ, ਅਦਾਲਤੀ ਸਟਾਫ ਅਤੇ ਮੌਜੂਦ ਲੋਕਾਂ ਨੂੰ ਸੁਰੱਖਿਅਤ ਤੌਰ ‘ਤੇ ਹਾਈਕੋਰਟ ਦੇ ਬਾਹਰੀ ਗੇਟਾਂ ਵੱਲ ਭੇਜਿਆ ਗਿਆ। ਸੁਰੱਖਿਆ ਦੇ ਮੱਦੇਨਜ਼ਰ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਅਤੇ ਆਸ-ਪਾਸ ਦੀਆਂ ਸੜਕਾਂ ’ਤੇ ਆਵਾਜਾਈ ਵੀ ਸੀਮਤ ਕਰ ਦਿੱਤੀ ਗਈ। ਪੁਲਿਸ ਅਤੇ ਬੰਬ ਨਿਰੋਧਕ ਦਸਤੇ ਵੱਲੋਂ ਅੰਦਰ ਬਾਰੀਕੀ ਨਾਲ ਤਲਾਸ਼ੀ ਲਈ ਗਈ। ਜਾਂਚ ਦੌਰਾਨ ਪੁਲਿਸ ਨੂੰ ਕੁਝ ਵੀ ਸ਼ੱਕੀ ਨਹੀਂ ਮਿਲਿਆ, ਜਿਸ ਤੋਂ ਬਾਅਦ ਹਾਈਕੋਰਟ ਵਿੱਚ ਮੁੜ ਤੋਂ ਕੰਮਕਾਜ ਸ਼ੁਰੂ ਹੋਇਆ ਅਤੇ ਧਮਕੀ ਦੇ ਸਰੋਤ ਦੀ ਜਾਂਚ ਕੀਤੀ ਜਾ ਰਹੀ ਹੈ। ਸੁਰੱਖਿਆ ਅਧਿਕਾਰੀਆਂ ਵਲੋਂ ਕਿਹਾ ਗਿਆ ਹੈ ਕਿ ਸਥਿਤੀ ‘ਤੇ ਪੂਰੀ ਤਰ੍ਹਾਂ ਕਾਬੂ ਹੈ ਅਤੇ ਕਿਸੇ ਵੀ ਅਣਚਾਹੀ ਘਟਨਾ ਤੋਂ ਬਚਣ ਲਈ ਹਰ ਸੰਭਵ ਕਦਮ ਚੁੱਕਿਆ ਜਾ ਰਿਹਾ ਹੈ।

## ਪ੍ਰੀਖਿਆ ਦੌਰਾਨ ਸਿੱਖ ਮਹਿਲਾ ਦਾ ਉਤਰਵਾਇਆ ਗਿਆ ਕੜਾ ! ਸ਼੍ਰੋਮਣੀ ਕਮੇਟੀ ਨੇ ਜਾਂਚ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ, 9 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ’ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਘਟਨਾਵਾਂ ਜਿਥੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਉਥੇ ਹੀ ਹੁਣ ਬਠਿੰਡਾ ਜ਼ਿਲ੍ਹੇ ’ਚ CTET ਪ੍ਰੀਖਿਆ ਦੌਰਾਨ ਇੱਕ ਸਿੱਖ ਮਹਿਲਾ ਦਾ ਕੜਾ (ਕਕਾਰਾਂ ਦੀ ਬੇਅਦਬੀ) ਉਤਰਵਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮਾਮਲਾ ਧਿਆਨ ਵਿੱਚ ਆਉਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਂਚ ਦੇ ਨਿਰਦੇਸ਼ ਜਾਰੀ ਕੀਤੇ ਹਨ। ਵਿਵਾਦਤ ਮਾਮਲਾ ਬਠਿੰਡਾ ਦੇ ਪਿੰਡ ਭੋਖੜਾ ਵਿਖੇ ਦਿੱਲੀ ਪਬਲਿਕ ਸਕੂਲ ਦਾ ਦੱਸਿਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਪ੍ਰੀਖਿਆ ਦੇ ਵਿੱਚ ਕੜਾ ਲੁਹਾਏ ਜਾਣ ’ਤੇ ਸਖ਼ਤ ਨੋਟਿਸ ਲੈਂਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਦੀ ਪੜਤਾਲ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਕਾਰਵਾਈ ਵਾਸਤੇ ਲਿਖਿਆ ਜਾਵੇਗਾ। ਇਸ ਮਾਮਲੇ ਦੀ ਜੋ ਵੀਡੀਓ ਸਾਹਮਣੇ ਆਈ ਹੈ ਉਸ ਵਿੱਚ ਦੋ ਸਿੱਖ ਵਿਅਕਤੀਆਂ ਅਤੇ ਸਕੂਲ ਦੇ ਪ੍ਰਬੰਧਕਾਂ ਵਿਚਾਲੇ ਗੱਲਬਾਤ ਹੋ ਰਹੀ ਹੈ। ਵਿਅਕਤੀਆਂ ਵੱਲੋਂ ਪ੍ਰੀਖਿਆ ਦੇਣ ਆਈ ਸਿੱਖ ਮਹਿਲਾ ਦਾ ਕੜਾ ਕਿਉਂ ਉਤਰਵਾਇਆ ਗਿਆ ਹੈ ? ਇਸ ਦਾ ਜਵਾਬ ਮੰਗਿਆ ਜਾ ਰਿਹਾ ਹੈ, ਜਦਕਿ ਅੱਗੋਂ ਸਕੂਲ ਪ੍ਰਬੰਧਕ, ਸੀਬੀਐਸਈ ਦੀ ਗਾਈਡਲਾਈਨ ਦਿਖਾ ਰਹੇ ਹਨ ਅਤੇ ਬਾਅਦ ਵਿੱਚ ਮਾਫੀ ਵੀ ਮੰਗ ਰਹੇ ਹਨ।“

**ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੇ ਸਖ਼ਤ ਸ਼ਬਦਾਂ ’ਚ ਕੀਤੀ ਨਿਖੇਧੀ :** ਉਧਰ, ਪਿਛਲੇ ਦਿਨੀਂ ਅਧਿਆਪਕ ਯੋਗਤਾ ਪ੍ਰੀਖਿਆ ਲਈ ਦਿੱਲੀ ਪਬਲਿਕ ਸਕੂਲ, ਪਿੰਡ ਭੋਖੜਾ (ਬਠਿੰਡਾ) ਵਿਖੇ ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ ਵਿੱਚ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣ ਦੀ ਘਟਨਾ ਬਾਰੇ ਪਤਾ ਲੱਗਣ ’ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਇਹ ਸਿੱਖ ਵਿਰੋਧੀ ਮਾਨਸਿਕਤਾ ਨੂੰ ਪ੍ਰਗਟਾਉਂਦਾ ਹੈ, ਜਦਕਿ ਸਭ ਨੂੰ ਪਤਾ ਹੈ ਕਿ ਕੜਾ, ਸਿੱਖਾਂ ਦਾ ਕਕਾਰ ਹੈ ਅਤੇ ਸਰੀਰ ਦਾ ਅਨਿੱਖੜਵਾਂ ਅੰਗ ਹੈ, ਜਿਸ ਨੂੰ ਸਰੀਰ ਤੋਂ ਦੂਰ ਨਹੀਂ ਕੀਤਾ ਜਾ ਸਕਦਾ।

## ਚੰਡੀਗੜ੍ਹ ਪੁਲਿਸ ਤੇ ‘ਆਪ’ ਵਰਕਰਾਂ ’ਚ ਝੜਪ, ਪੁਲਿਸ ਨੇ ਚਲਾਈਆਂ ਪਾਣੀ ਦੀਆਂ ਬੁਛਾੜਾਂ, ਕਈ ਆਗੂ ਹਿਰਾਸਤ ’ਚ ਲਏ

**ਚੰਡੀਗੜ੍ਹ, 9 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਆਮ ਆਦਮੀ ਪਾਰਟੀ ਪੰਜਾਬ ਵੱਲੋਂ ਪੰਜਾਬ ਕਾਂਗਰਸ ਦੇ ਆਗੂਆਂ ਵੱਲੋਂ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਖਿਲਾਫ਼ ਦਿੱਤੇ



ਬਿਆਨਾਂ ਨੂੰ ਲੈ ਕੇ ਅੱਜ ਚੰਡੀਗੜ੍ਹ ’ਚ ਤਿੱਖਾ ਰੋਸ ਪ੍ਰਦਰਸ਼ਨ ਕੀਤਾ, ਜਿਸ ਦੌਰਾਨ ਪੁਲਿਸ ਵੱਲੋਂ ਵਰਕਰਾਂ ਤੇ ਆਗੂਆਂ ਨੂੰ ਐਲਐਲਏ ਹੋਸਟਲ ਵੱਲ ਜਾਣ ਤੋਂ ਰੋਕਣ ਲਈ ਵੱਡੇ ਇੰਤਜ਼ਾਮ ਕੀਤੇ ਗਏ ਸਨ, ਪਰ ਜਦੋਂ ਪ੍ਰਦਰਸ਼ਨਕਾਰੀ ਨਾ ਰੁਕੇ ਤਾਂ ਪੁਲਿਸ ਵੱਲੋਂ ਪਾਣੀ ਦੀਆਂ ਬੁਛਾੜਾਂ ਦੀ ਵਰਤੋਂ ਕੀਤੀ ਗਈ। ਇਸ ਦੇ ਨਾਲ ਹੀ ਕਈ ਆਗੂਆਂ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਵੀ ਲਏ ਜਾਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ, ਪੁਲਿਸ ਵੱਲੋਂ ਆਪ ਵਰਕਰਾਂ ਨੂੰ ਰੋਕਣ ਦੌਰਾਨ ਕਈਆਂ ਦੀਆਂ ਪੱਗਾਂ ਵੀ ਲੱਥ ਗਈਆਂ। ਪੁਲਿਸ ਨੇ ਵਿੱਤ ਮੰਤਰੀ ਚੀਮਾ, ਹਰਭਜਨ ਸਿੰਘ ਈਟੀਓ ਅਤੇ ਸਿਹਤ ਮੰਤਰੀ ਬਲਬੀਰ ਸਿੰਘ ਤੇ ਹੋਰ ਆਗੂਆਂ ਨੂੰ ਹਿਰਾਸਤ ’ਚ ਲੈ ਲਿਆ ਹੈ। ਦੱਸ ਦਈਏ ਕਿ ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਹਰਭਜਨ ਸਿੰਘ ਈਟੀਓ ਪਹਿਲਾਂ ਬੈਂਡ ਵਜਾਉਂਦੇ ਸਨ, ਪਰ ਹੁਣ ਉਹ ਪੰਜਾਬ ਦਾ ਬੈਂਡ ਵਜਾ ਰਹੇ ਹਨ। ਇਸ ਤੋਂ ਬਾਅਦ, ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਿੱਧੇ ਤੌਰ ’ਤੇ ਮੰਤਰੀ ਦੀ ਗਰਦਨ ਮਰੋੜਨ ਦੀ ਗੱਲ ਕਹੀ। ਵੜਿੰਗ ਨੇ ਕਿਹਾ ਕਿ ਇਸ ਵਿੱਚ ਸਿਰਫ ਤਿੰਨ ਮਿੰਟ ਲੱਗਦੇ ਹਨ। ਰਾਹੁਲ ਗਾਂਧੀ ਨੇ ਸਾਨੂੰ ਡਰਨਾ ਨਹੀਂ ਸਿਖਾਇਆ ਹੈ। ਇਨ੍ਹਾਂ ਬਿਆਨਾਂ ਨੂੰ ਲੈ ਕੇ ਆਮ ਆਦਮੀ ਪਾਰਟੀ ’ਚ ਗੁੱਸੇ ਦੀ ਲਹਿਰ ਹੈ। ਮੰਤਰੀ ਹਰਭਜਨ ਈਟੀਓ ਨੇ ਧਰਨੇ ਦੌਰਾਨ ਕਿਹਾ ਕਿ ਜਿਹੜੇ ਲੋਕ ਕਲਰਕ ਦੀ ਨੌਕਰੀ ਵੀ ਨਹੀਂ ਕਰ ਸਕਦੇ ਸਨ, ਉਹ ਕਾਂਗਰਸ ਪਾਰਟੀ ਵਿੱਚ ਪ੍ਰਮੁੱਖ ਸਿਆਸਤਦਾਨ ਬਣ ਰਹੇ ਹਨ। ਸਾਡੀ ਪਾਰਟੀ ਦੇ ਆਗੂ ਸਿੱਧੇ ਨਹੀਂ ਆਏ ਹਨ, ਉਨ੍ਹਾਂ ਕੋਲ ਕਿਸੇ ਨਾ ਕਿਸੇ ਤਰ੍ਹਾਂ ਦਾ ਅਹੁਦਾ ਸੀ। ਪਾਰਟੀ ਦਾ ਹਰ ਆਗੂ ਕੋਈ ਨਾ ਕੋਈ ਕਾਰੋਬਾਰ, ਕੋਈ ਨਾ ਕੋਈ ਨੌਕਰੀ ਛੱਡ ਕੇ ਆਇਆ ਹੈ। ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਪਿਤਾ ਦੇ ਪੇਸ਼ੇ ’ਤੇ ਮਾਣ ਹੈ। ਉਨ੍ਹਾਂ ਕਿਹਾ, “ਮੈਨੂੰ ਇੱਕ ਬੈਂਡ ਵਾਲੇ ਦਾ ਮੁੰਡਾ ਹੋਣ ’ਤੇ ਮਾਣ ਹੈ। ਮੇਰੇ ਪਿਤਾ ਨੇ ਕਦੇ ਤਸਕਰੀ ਨਹੀਂ ਕੀਤੀ। ਮੈਂ ਪੀਸੀਐਸ ਪ੍ਰੀਖਿਆ ਪਾਸ ਕੀਤੀ ਅਤੇ ਈਟੀਓ ਬਣਿਆ। ਕਾਂਗਰਸੀ ਆਗੂ ਚਾਂਦੀ ਦੇ ਚਮਚਿਆਂ ਨਾਲ ਪੈਦਾ ਹੋਏ ਸਨ, ਇਸ ਲਈ ਉਹ ਸਖ਼ਤ ਮਿਹਨਤ ਕਰਨ ਵਾਲਿਆਂ ਦੀ ਕਦਰ ਨਹੀਂ ਕਰਦੇ।”

## ਬੰਦੀ ਸਿੱਖ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਅਰਜ਼ੀ ਦਿੱਲੀ ਸਰਕਾਰ ਵੱਲੋਂ ਖ਼ਾਰਜ



**ਨਵੀਂ ਦਿੱਲੀ/ਅੰਮ੍ਰਿਤਸਰ, 9 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਬੰਦੀ ਸਿੱਖ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਸਬੰਧੀ ਦਾਇਰ ਕੀਤੀ ਗਈ ਅਰਜ਼ੀ ਨੂੰ ਭਾਜਪਾ ਦੀ ਅਗਵਾਈ ਹੇਠ ਦਿੱਲੀ ਸਰਕਾਰ ਵੱਲੋਂ ਖ਼ਾਰਜ ਕਰ ਦਿੱਤਾ ਗਿਆ ਹੈ। ਇਸ ਮਹੱਤਵਪੂਰਨ ਫ਼ੈਸਲੇ ਬਾਰੇ ਜਾਣਕਾਰੀ ਪ੍ਰੋ. ਭੁੱਲਰ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਵੱਲੋਂ ਮੀਡੀਆ ਨਾਲ ਸਾਂਝੀ ਕੀਤੀ ਗਈ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਕਾਨੂੰਨੀ ਤੌਰ ’ਤੇ ਸਜ਼ਾ ਵਿੱਚ ਛੂਟ ਅਤੇ ਰਿਹਾਈ ਲਈ ਦਿੱਲੀ ਸਰਕਾਰ ਕੋਲ ਅਰਜ਼ੀ ਪੇਸ਼ ਕੀਤੀ ਗਈ ਸੀ, ਪਰ ਸਰਕਾਰ ਨੇ ਇਸ ’ਤੇ ਸਹਿਮਤੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਇਨਸਾਫ਼ ਦੀ ਆਸ ਰੱਖ ਰਹੇ ਪਰਿਵਾਰ ਅਤੇ ਸਿੱਖ ਸੰਗਤ ਲਈ ਨਿਰਾਸ਼ਾਜਨਕ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਸਾਲ 1995 ਤੋਂ ਲਗਾਤਾਰ ਜੇਲ੍ਹ ਵਿੱਚ ਬੰਦ ਹਨ ਅਤੇ ਉਹ ਤਿੰਨ ਦਹਾਕਿਆਂ ਦੇ ਨੇੜੇ-ਨੇੜੇ ਕੈਦ ਕੱਟ ਚੁੱਕੇ ਹਨ। ਲੰਬੇ ਸਮੇਂ ਤੋਂ ਕੈਦ, ਸਿਹਤ ਸੰਬੰਧੀ ਸਮੱਸਿਆਵਾਂ ਅਤੇ ਮਨੁੱਖੀ ਅਧਿਕਾਰਾਂ ਦੇ ਮਾਪਦੰਡਾਂ ਨੂੰ ਲੈ ਕੇ ਉਨ੍ਹਾਂ ਦੀ ਰਿਹਾਈ ਦੀ ਮੰਗ ਸਮੇਂ-ਸਮੇਂ ’ਤੇ ਉੱਠਦੀ ਰਹੀ ਹੈ। ਕਈ ਵਾਰ ਅਦਾਲਤਾਂ ਅਤੇ ਸਰਕਾਰੀ ਪੱਧਰ ’ਤੇ ਉਨ੍ਹਾਂ ਦੀ ਸਥਿਤੀ ’ਤੇ ਵਿਚਾਰ ਵੀ ਹੋਇਆ, ਪਰ ਹੁਣ ਤਾਜ਼ਾ ਫ਼ੈਸਲੇ ਨਾਲ ਇਕ ਵਾਰ ਫਿਰ ਉਨ੍ਹਾਂ ਦੀ ਰਿਹਾਈ ’ਤੇ ਅਣਸ਼ਿਚਤਤਾ ਬਣ ਗਈ ਹੈ। ਪ੍ਰੋ. ਭੁੱਲਰ ਦੀ ਅਰਜ਼ੀ ਖ਼ਾਰਜ ਹੋਣ ਤੋਂ ਬਾਅਦ ਬੰਦੀ ਸਿੱਖਾਂ ਦੀ ਰਿਹਾਈ ਦਾ ਮਸਲਾ ਮੁੜ ਪੰਥਕ ਅਤੇ ਰਾਜਨੀਤਿਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਦਾ ਕਹਿਣਾ ਹੈ ਕਿ ਕਈ ਬੰਦੀ ਸਿੱਖ ਆਪਣੀ ਸਜ਼ਾ ਦੀ ਮਿਆਦ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਕੱਟ ਚੁੱਕੇ ਹਨ, ਫਿਰ ਵੀ ਉਨ੍ਹਾਂ ਦੀ ਰਿਹਾਈ ਲਈ ਸਰਕਾਰੀ ਪੱਧਰ ’ਤੇ ਲੋੜੀਂਦੀ ਇੱਛਾ-ਸ਼ਕਤੀ ਨਹੀਂ ਦਿਖਾਈ ਦੇ ਰਹੀ। ਇਸ ਫ਼ੈਸਲੇ ਤੋਂ ਬਾਅਦ ਪੰਥਕ ਹਲਕਿਆਂ ਵਿੱਚ ਗਹਿਰਾ ਰੋਸ ਵੇਖਣ ਨੂੰ ਮਿਲ ਰਿਹਾ ਹੈ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਸਿਰਫ਼ ਕਾਨੂੰਨੀ ਪੱਖ ਹੀ ਨਹੀਂ, ਸਗੋਂ ਮਨੁੱਖੀ ਅਧਿਕਾਰ ਅਤੇ ਨੈਤਿਕਤਾ ਦੇ ਅਧਾਰ ’ਤੇ ਵੀ ਪ੍ਰੋ. ਭੁੱਲਰ ਵਰਗੇ ਬੰਦੀ ਸਿੱਖਾਂ ਦੀ ਰਿਹਾਈ ’ਤੇ ਗੰਭੀਰਤਾ ਨਾਲ ਵਿਚਾਰ ਹੋਣਾ ਚਾਹੀਦਾ ਹੈ। ਸੂਤਰਾਂ ਅਨੁਸਾਰ, ਆਉਣ ਵਾਲੇ ਸਮੇਂ ਵਿੱਚ ਇਸ ਮਸਲੇ ਨੂੰ ਲੈ ਕੇ ਕਾਨੂੰਨੀ ਵਿਕਲਪਾਂ ’ਤੇ ਮੁੜ ਵਿਚਾਰ ਕੀਤਾ ਜਾ ਸਕਦਾ ਹੈ ਅਤੇ ਲੋਕਤੰਤਰਿਕ ਢੰਗ ਨਾਲ ਸੰਘਰਸ਼ ਨੂੰ ਹੋਰ ਤੇਜ਼ ਕਰਨ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ।

## ਪਿੰਡ ਫੂਲੇਵਾਲਾ ਵਿਖੇ ਬੱਸ ਸਟੈਂਡ ਉੱਪਰ ਗੁਟਕਾ ਸਾਹਿਬ ਭਗਤ ਬਾਣੀ ਦੇ ਪਾੜੇ ਹੋਏ ਅੰਗ ਮਿਲੇ

### ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਘਟਨਾ ਦੀ ਕੀਤੀ ਨਿੰਦਿਆ



**ਤਲਵੰਡੀ ਸਾਬੋ, 9 ਫਰਵਰੀ (ਗੁਰਜੰਟ ਸਿੰਘ ਨਥੇਹਾ)**-ਬੀਤੇ ਕੱਲ੍ਹ 8 ਫਰਵਰੀ ਨੂੰ ਸਵੇਰੇ ਤਕਰੀਬਨ 9 ਕੁ ਵਜੇ ਪਿੰਡ ਫੂਲੇਵਾਲਾ ਤਹਿਸੀਲ ਜਿਲਾ ਬਠਿੰਡਾ ਵਿਖੇ ਗੁਟਕਾ ਸਾਹਿਬ ਭਗਤਾਂ ਬਾਣੀ ਦੇ ਅੰਗ ਬਸ ਸਟੈਂਡ ਉੱਪਰ ਪਾੜੇ ਹੋਏ ਮਿਲੇ ਜਿਸਦੀ ਜਾਣਕਾਰੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਰਪੂਰ ਸਿੰਘ ਫੂਲੇਵਾਲਾ ਨੇ ਦਫ਼ਤਰ ਧਰਮ ਪ੍ਰਚਾਰ ਕਮੇਟੀ ਤਲਵੰਡੀ ਸਾਬੋ ਵੱਲੋਂ ਦਿੱਤੀ ਗਈ। ਇੰਚਾਰਜ ਸਬ ਆਫ਼ਿਸ ਧਰਮ ਪ੍ਰਚਾਰ ਕਮੇਟੀ ਤਲਵੰਡੀ ਸਾਬੋ ਸ. ਭੋਲਾ ਸਿੰਘ ਨੇ ਮਾਣਯੋਗ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਲਕਾ ਪ੍ਰਚਾਰਕ ਭਾਈ ਹਰਦੀਪ ਸਿੰਘ ਬੱਲੋ ਦੀ ਡਿਊਟੀ ਉੱਕਤ ਸਥਾਨ ਵਿਖੇ ਤੁਰੰਤ ਪਹੁੰਚ ਕੇ ਸਾਰੀ ਘਟਨਾ ਬਾਰੇ ਪੜਤਾਲ ਕਰਨ ਲਈ ਕਿਹਾ। ਸਿੰਘ ਸਾਹਿਬ ਅਤੇ ਜਥੇਦਾਰ ਮੇਜਰ ਸਿੰਘ ਢਿੱਲੋਂ ਅੰਤ੍ਰਿਗ ਮੈਂਬਰ ਸ਼੍ਰੋਮਣੀ ਕਮੇਟੀ ਵੀ ਘਟਨਾ ਸਥਾਨ ’ਤੇ ਪਹੁੰਚੇ ਅਤੇ ਪੁਲਿਸ ਪ੍ਰਸ਼ਾਸਨ ਨੂੰ ਤੁਰੰਤ ਸੂਚਿਤ ਕੀਤਾ ਗਿਆ। ਪੁਲਿਸ ਪ੍ਰਸ਼ਾਸਨ ਨੇ ਪਿੰਡ ਦੇ ਵਿੱਚ ਪੁੱਛ ਪੜਤਾਲ ਕੀਤੀ। ਸਿੰਘ ਸਾਹਿਬ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਪਿੰਡ ਵਾਸੀ ਸੰਗਤਾਂ ਨੂੰ ਆਦੇਸ਼ ਕੀਤਾ ਕਿ ਪਹਿਰਾ ਵਧਾਇਆ ਜਾਵੇ ਦੇਖਿਆ ਜਾਵੇ ਕਿ ਬੇਅਦਬੀ ਕੌਣ ਕਰ ਰਿਹਾ ਜਾਂ ਕੌਣ ਕਰਵਾ ਰਿਹਾ ਇਸ ਬਾਰੇ ਸੁਚੇਤ ਹੋਈਏ ਸੋ ਸਬੰਧਤਾ ਨੂੰ ਆਉਣ ਵਾਲੇ ਸਮੇਂ ਦੇ ਵਿੱਚ ਤਖਤ ਸਾਹਿਬ ਤੇ ਬੁਲਾਇਆ ਜਾਵੇਗਾ। ਸਿੰਘ ਸਾਹਿਬ ਨੇ ਤਲਵੰਡੀ ਸਾਬੋ ਵਿਖੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਆਖਿਆ ਕਿ ਇਹ ਘਟਨਾ ਬਹੁਤ ਹੀ ਦੁਖਦਾਈ ਅਤੇ ਨਿੰਦਣ ਯੋਗ ਘਟਨਾ ਹੈ।

ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ॥

# ਏਕ ਨੂਰ ਸਵੈ-ਸੇਵੀ ਸੰਸਥਾ ਰਜਿ:, ਪਠਲਾਵਾ

ਪਿੰਡ ਪਠਲਾਵਾ, ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ

**ਧੰਨ ਧੰਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# 28ਵਾਂ ਸਲਾਨਾ ਸਹਾਇਤਾ ਵੰਡ ਸਮਾਗਮ

## ਪ੍ਰੋਗਰਾਮ

ਆਵਾਜ਼ਿ ਕੌਮ AWAZE QAUM International Newspaper & WEB TV

ਮਿਤੀ : **11 ਫਰਵਰੀ 2026, ਦਿਨ ਬੁੱਧਵਾਰ ।**

ਸਹਾਇਤਾ ਵੰਡ ਸਮਾਗਮ : ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ।

ਸਥਾਨ : **ਗਰਾਂਊਂਡ ਮਿਡਲ ਸਕੂਲ, ਪਿੰਡ ਐਮਾਂ ਜੱਟਾਂ, ਜ਼ਿਲਾ ਹੁਸ਼ਿਆਰਪੁਰ ਵਿਖੇ ।**

ਉਦਘਾਟਨ : ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲੇ, ਯੋਗੀ ਦੇਵੀ ਨਾਥ ਐਮਾਂ ਜੱਟਾਂ ।

ਮੁੱਖ ਮਹਿਮਾਨ : ਸ: ਜਗਤਾਰ ਸਿੰਘ ਸਟੇਟ ਟੈਕਸ ਅਫ਼ਸਰ ਹੁਸ਼ਿਆਰਪੁਰ ।

ਵਿਸ਼ੇਸ਼ ਮਹਿਮਾਨ:
ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ, ਮੁੱਖ ਸੰਚਾਲਿਕਾ ਯੂਨੀਕ ਹੋਮ, ਭਾਈ ਘੱਨਈਆ ਜੀ ਚੈਰੀਟੇਬਲ ਟਰੱਸਟ ਜਲੰਧਰ ।
ਸ: ਅਮਰੀਕ ਸਿੰਘ (ਨਿਸ਼ਕਾਮ ਟਿਫਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ
ਸ੍ਰੀ ਯੋਗ ਰਾਜ ਮੈਰਾ, ਡਾਇਰੈਕਟਰ ਫਾਈਨਾਂਸੀਅਲ ਐਡਵਾਈਜ਼ਰ ਡਿਪਾਰਟਮੈਂਟ ਆਫ ਪੋਸਟ ਮਨੀਸਟਰੀ ਆਫ ਕੁਮਿਨੀਕੇਸ਼ਨ ਭਾਰਤ ਸਰਕਾਰ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ SGPC ਅੰਮ੍ਰਿਤਸਰ, ਸ: ਦਲਜੀਤ ਸਿੰਘ ਖੱਖ, ਡੀ.ਐਸ.ਪੀ, ਗੜ੍ਹਸ਼ੰਕਰ।
ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਅਤੇ ਬੀ.ਡੀ.ਸੀ. ਨਵਾਂਸ਼ਹਿਰ ।
ਸ: ਸੁਰਜੀਤ ਸਿੰਘ (ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਨਵਾਂਸ਼ਹਿਰ
ਹਰਸੇਵਾ ਮੈਡੀਕਲ ਟਰੱਸਟ, ਯੂ.ਕੇ. ਮੋਰਾਂਵਾਲੀ ।, ਗ੍ਰੀਨ ਵਿਲੇਜ਼ ਸੁਸਾਇਟੀ, ਬੀਣੇਵਾਲ ।
ਉਪਕਾਰ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਗੜ੍ਹਸ਼ੰਕਰ ।
ਮਾਤਾ ਅਮਰ ਕੌਰ, ਚਰਨ ਕੌਰ ਵੈਲਫੇਅਰ ਸੁਸਾਇਟੀ, ਭੂੰਗਰਨੀ, ਹੁਸ਼ਿਆਰਪੁਰ।
ਲੈਕ: ਰਜਿੰਦਰ ਕੁਮਾਰ ਸ਼ਰਮਾ, ਬੰਗਾ।, ਸਮਾਜ ਭਲਾਈ ਸਵੈ-ਸੇਵੀ ਸੰਸਥਾ, ਪਿੰਡ ਸੁੱਜੋਂ ।
ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਕੁਲਪੁਰ, ਨਵਾਂਗਰਾ ।
ਸ: ਜਤਿੰਦਰ ਸਿੰਘ ਲਾਡੀ ਸਭ ਦਾ ਭਲਾ ਚੈਰੀਟੇਬਲ ਹਸਪਤਾਲ, ਸ਼ਿਕਾਰ ਮਾਸ਼ੀਆਂ (ਗੁਰਦਾਸਪੁਰ)
ਰਵਿੰਦਰ ਕੌਰ ਕਨੇਡਾ ਐਮਾਂ ਜੱਟਾਂ, ਸੁਰਿੰਦਰ ਸਿੰਘ ਯੂ.ਕੇ. ਐਮਾਂ ਜੱਟਾਂ,
ਡਾ: ਪਰਮਿੰਦਰ ਸਿੰਘ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਸਲਾ ਕਾਲਜ, ਮਾਹਿਲਪੁਰ ।
ਡਾ: ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸ਼ਨਲ ਕਾਲਜ, ਬੰਗਾ ।

ਇਸ ਮੌਕੇ ਤੇ ਧਾਰਮਿਕ ਪੁਸਤਕਾਂ ਦਾ ਲੰਗਰ ਲਗਾਇਆ ਜਾਵੇਗਾ ।

ਲਾਈਵ ਚੈਨਲ ਮਿਸਟਰ ਸਿੰਘ ਪ੍ਰੋਡੈਕਸ਼ਨ ਟੀ.ਵੀ. ਚੈਨਲ ਤੇ ਲਾਈਵ ਹੋਵੇਗਾ ।

ਸਨਮਾਨਿਤ ਸਖਸ਼ੀਅਤਾਂ ਅਤੇ ਸੰਸਥਾਵਾਂ
ਮੇਜ਼ਰ ਮਨਦੀਪ ਸਿੰਘ ਵੈਲਫੇਅਰ ਸੁਸਾਇਟੀ ਨਵਾਂਸ਼ਹਿਰ ।
ਸ: ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ, ਢਾਹਾਂ ਕਲੇਰਾਂ ।
ਡਾ: ਕਸ਼ਮੀਰ ਚੰਦ ਐਮ.ਐਸ. ਪੀ.ਸੀ.ਐਮ.ਐਸ.-1, ਸਰਜੀਕਲ ਸਪੈਸ਼ਲਿਸਟ, ਐਮ.ਜੇ. ਲਾਈਫ ਹਸਪਤਾਲ, ਬੰਗਾ
ਡਾ: ਨਿਰਮਲ ਕੁਮਾਰ, ਐਸ.ਐਮ.ਓ. ਸੀ.ਐਚ.ਸੀ. ਬੀਣੇਵਾਲ, ਰਿਟਾਇਰ ਪ੍ਰਿੰਸੀਪਲ ਜਗਮੋਹਨ ਸਿੰਘ ਡਾਂਡੀਆਂ ।
ਰਿਟਾਇਰ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ

ਸਿਲਾਈ ਮਸ਼ੀਨਾਂ ਦੀ ਵੰਡ : ਆਰਥਿਕ ਪੱਖ ਤੋਂ ਕਮਜ਼ੋਰ ਲੜਕੀਆਂ/ਵਿਧਵਾਵਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾਣਗੀਆਂ ।
ਵੀਹਲ ਚੇਅਰ/ਟ੍ਰਾਈ ਸਾਇਕਲ ਦੀ ਵੰਡ: ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਪ੍ਰਦਾਨ ਕੀਤੇ ਜਾਣਗੇ।

**ਸਿੱਖ ਵਿਦਵਾਨ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ ਵਾਲੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਤੇ ਚਾਨਣਾਂ ਪਾਉਣਗੇ ।**

ਅਜ਼ਾਦ ਰੰਗਮੰਚ ਰਜਿ: ਕਲਾ ਭਵਨ ਫਗਵਾੜਾ ਵਲੋਂ ਬੀਬੀ ਕੁਲਵੰਤ ਦੇ ਨਿਰਦੇਸ਼ਨਾ ਤਹਿਤ "ਗੁਰੂ ਤੇਗ ਬਹਾਦਰ ਬੋਲਿਆ" ਨਾਟਕ ਪੇਸ਼ ਕੀਤਾ ਜਾਵੇਗਾ ।

ਆਪ ਜੀ ਨੂੰ ਇਸ ਸਮਾਗਮ ਵਿੱਚ ਪਹੁੰਚਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ।

ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਉਡੀਕਵਾਨ : ਸਮੂਹ ਅਹੁਦੇਦਾਰ ਅਤੇ ਮੈਂਬਰਾਨ ਏਕ ਨੂਰ ਸਵੈ-ਸੇਵੀ ਸੰਸਥਾ (ਰਜਿ:) ਪਠਲਾਵਾ,
ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀ ਪਿੰਡ ਐਮਾਂ ਜੱਟਾਂ (ਹੁਸ਼ਿਆਰਪੁਰ)
ਮੋਬਾ: 98153-48143, 98140-23547

ਛਾਪਕ : ਸੱਲ੍ਹਣ ਪ੍ਰਿੰਟਿੰਗ ਪ੍ਰੈਸ, ਬੰਗਾ # 94646-34793, 98159-01698











ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for **AWAZE QAUM** Channel
https://youtu.be/LQwolgxDu7I
Contact :
+447458381111
+447976210161
+919729091243




ਆਵਾਜ਼ਿ ਕੌਮ AWAZE QAUM TV
ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

# ਸੇਵਕ ਸਭਿ ਕਰਦੇ ਸੇਵ ਦਰਿ ਨਾਨਕੁ ਜਨੁ ਤੇਰਾ ॥




## ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਯੋਧੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਭਤੀਜੇ ਭਾਈ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਨੀ ਇੰਟਰਨੈਸ਼ਨਲ ਪੰਥਕ ਦਲ ਜੀ ਦੀ ਰਹਿਨੁਮਾਈ ਹੇਠ ਸ੍ਰੀ ਹਰਿਮੰਦਰ ਸਾਹਿਬ ਜੀ ਗੁਰੂ ਰਾਮਦਾਸ ਸਾਹਿਬ ਜੀ ਦੇ ਲੰਗਰਾਂ ਵਿੱਚ ਮਹੀਨੇਵਾਰੀ ਸੇਵਾ





ਭਾਈ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਨੀ ਇੰਟਰਨੈਸ਼ਨਲ ਪੰਥਕ ਦਲ

## ਇਸ ਵਾਰ 10 ਫਰਵਰੀ, 2026 ਦਿਨ ਮੰਗਲਵਾਰ ਸਵੇਰੇ 9 ਵਜੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਲੰਗਰਾਂ ਵਿੱਚ ਸੇਵਾਵਾਂ ਨਿਭਾਈਆਂ ਜਾਣਗੀਆਂ

ਸਿੰਘ ਸਾਹਿਬ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਇੰਟਰਨੈਸ਼ਨਲ ਪੰਥਕ ਦਲ ਦੇ ਸਾਰੇ ਅਹੁਦੇਦਾਰਾਂ ਅਤੇ ਸਮੂਹ ਮੈਂਬਰਾਂ ਦਾ ਸਵੇਰੇ 9 ਵਜੇ ਪਹੁੰਚਣਾ ਜ਼ਰੂਰੀ ਹੈ ਜੀ।



--★ ਜਾਰੀ ਕਰਤਾ ★--

## ਬਾਬਾ ਸਤਨਾਮ ਸਿੰਘ ਜੀ ਵੱਲੀਆਂ, ਪੰਜਾਬ ਪ੍ਰਧਾਨ ਧਾਰਮਿਕ ਵਿੰਗ




**ਸਾਹਿਬ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਖਾਰਗਰ ਨਵੀਂ ਮੁੰਬਈ ਵਿਖੇ ਮਿਤੀ 28 ਫਰਵਰੀ ਅਤੇ 1 ਮਾਰਚ 2026 ਨੂੰ ਦੋ ਰੋਜ਼ਾ ਬਹੁਤ ਭਾਰੀ ਮਹਾਨ ਗੁਰਮਤਿ ਸਮਾਗਮ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾ ਦੀ ਅਗੁਵਾਈ 'ਚ ਮਹਾਰਾਸ਼ਟਰ ਦੀ ਸਰਕਾਰ ਦੀ ਦੇਖ ਰੇਖ ਹੇਠ ਕੀਤਾ ਜਾ ਰਿਹਾ ਹੈ।**

**ਸੰਗਤਾਂ ਨੂੰ ਬੇਨਤੀ ਹੈ ਇਹਨਾਂ ਸਮਾਗਮਾਂ 'ਚ ਹਾਜਰੀਆਂ ਭਰੋ ਅਤੇ ਲਾਹੇ ਪ੍ਰਾਪਤ ਕਰੋ ਜੀ।**

### ਆਪ੍ਰੇਸ਼ਨ ਪ੍ਰਹਾਰ-2 ਤਹਿਤ 90 ਥਾਵਾਂ 'ਤੇ ਛਾਪੇਮਾਰੀ; 41 ਲੋੜੀਂਦੇ ਅਪਰਾਧੀ ਗ੍ਰਿਫਤਾਰ

# ਪਿਛਲੇ 20 ਦਿਨਾਂ ਵਿੱਚ ਸੰਗਰੂਰ ਪੁਲਿਸ ਨੇ 693 ਛਾਪੇਮਾਰੀਆਂ ਕੀਤੀਆਂ, 1094 ਵਿਰੁੱਧ ਕੀਤੀ ਇਹਤਿਆਤੀ ਕਾਰਵਾਈ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਐਸ.ਐਸ.ਪੀ ਸੰਗਰੂਰ ਸ਼੍ਰੀ ਸਰਤਾਜ ਸਿੰਘ ਚਾਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੇ ਨਿਰਦੇਸ਼ਾਂ ਅਨੁਸਾਰ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਫਿਰੌਤੀਆਂ ਮੰਗਣ ਵਾਲਿਆਂ ਦਾ ਨੈਟਵਰਕ ਤੋੜਨ ਲਈ ਪੰਜਾਬ ਪੁਲਿਸ ਵੱਲੋਂ ਮੁਹਿੰਮਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਤਹਿਤ ਮਿਤੀ 20 ਜਨਵਰੀ 2026 ਤੋਂ "ਗੈਂਗਸਟਰਾਂ ਤੇ ਵਾਰ" ਆਪ੍ਰੇਸ਼ਨ ਦੌਰਾਨ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਕੈਟਾਗਿਰੀ ਬੀ ਦੇ 2 ਨਾਮੀ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਇਸ ਆਪ੍ਰੇਸ਼ਨ ਤਹਿਤ ਜਿਲ੍ਹਾ ਸੰਗਰੂਰ ਅੰਦਰ ਸ੍ਰੀ ਰਾਜੇਸ਼ ਛਿੱਬਰ, ਕਪਤਾਨ ਪੁਲਿਸ (ਸਥਾਨਕ), ਸ੍ਰੀ ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਅਤੇ ਸ੍ਰੀ ਨਵਰੀਤ ਸਿੰਘ ਵਿਰਕ, ਕਪਤਾਨ ਪੁਲਿਸ (ਪੀ.ਬੀ.ਆਈ) ਸੰਗਰੂਰ ਦੀ ਨਿਗਰਾਨੀ ਹੇਠ ਡੀ.ਐਸ.ਪੀਜ, ਮੁੱਖ ਅਫਸਰਾਨ ਥਾਣਾ, ਸੀ.ਆਈ.ਏ ਬਹਾਦਰ ਸਿੰਘ ਵਾਲਾ ਅਤੇ ਇੰਚਾਰਜ ਚੌਂਕੀਆਂ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਕੁੱਲ 693 ਛਾਪੇਮਾਰੀਆਂ ਕਰਕੇ 1993 ਕ੍ਰਿਮੀਨਲ ਪਿਛੋਕੜ ਵਾਲੇ ਵਿਅਕਤੀਆਂ ਪਾਸੋਂ ਪੁੱਛ-ਗਿੱਛ ਕੀਤੀ ਗਈ, ਜਿਨ੍ਹਾਂ ਵਿੱਚੋਂ 1094 ਵਿਅਕਤੀਆਂ 'ਤੇ ਇਹਤਿਆਤੀ ਕਾਰਵਾਈ ਕੀਤੀ ਗਈ। ਇਸ ਤੋਂ ਇਲਾਵਾ ਵੱਖ-ਵੱਖ ਮੁਕੱਦਮਿਆਂ ਵਿੱਚ ਲੋੜੀਂਦੇ 27 ਪੀ. ਓਜ (ਭਗੌੜੇ) ਨੂੰ ਗ੍ਰਿਫਤਾਰ ਕੀਤਾ ਗਿਆ। ਇਸੇ ਤਰਾਂ ਮਿਤੀ 1 ਮਾਰਚ 2025 ਤੋਂ ਸ਼ੁਰੂ ਹੋਈ "ਯੁੱਧ ਨਸ਼ਿਆਂ ਵਿਰੁੱਧ ਅਤੇ ਪਿੰਡਾਂ ਦੇ ਪਹਿਰੇਦਾਰ" ਮੁਹਿੰਮ ਤਹਿਤ ਡਰੱਗ ਦੇ ਕੁੱਲ 939 ਮੁਕੱਦਮੇ ਦਰਜ ਕਰਕੇ 1310 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਨ੍ਹਾਂ ਪਾਸੋਂ 14 ਕਿੱਲੋ 438 ਗ੍ਰਾਮ ਹੈਰੋਇਨ, 05 ਕਿੱਲੋ 12 ਗ੍ਰਾਮ ਅਫੀਮ, 2125 ਕਿੱਲੋ 280 ਗ੍ਰਾਮ ਭੁੱਕੀ ਚੂਰਾ ਪੋਸਤ, 52596 ਨਸ਼ੀਲ਼ੀਆਂ ਗੋਲੀਆਂ, 10 ਕਿੱਲੋ 426 ਗ੍ਰਾਮ ਸੁਲਫਾ/ਗਾਂਜਾ, 444 ਗ੍ਰਾਮ ਚਰਸ, 94 ਨਸ਼ੀਲੇ ਟੀਕੇ, 65 ਕਿੱਲੋ 724 ਗ੍ਰਾਮ ਹਰੇ ਪੌਦੇ ਪੋਸਤ ਅਤੇ 19,37,410/- ਰੁਪਏ ਡਰੱਗ ਮਨੀ ਬ੍ਰਾਮਦ ਕਰਵਾਈ ਗਈ ਹੈ। ਇਸ ਤੋਂ ਇਲਾਵਾ 12 ਨਸ਼ਾ ਤਸਕਰਾਂ ਦੀ 4,39,25,309/- ਰੁਪਏ ਦੀ ਪ੍ਰਾਪਰਟੀ ਜਬਤ ਕਰਵਾਈ ਗਈ ਹੈ। ਪਿੰਡਾਂ ਅਤੇ ਸ਼ਹਿਰਾਂ/ਵਾਰਡਾਂ ਵਿੱਚ ਗਜਟਿਡ ਅਫਸਰਾਨ ਅਤੇ ਮੁੱਖ ਅਫਸਰਾਨ ਥਾਣਾ ਵੱਲੋਂ ਨਸ਼ੇ ਦੀ ਰੋਕਥਾਮ ਸਬੰਧੀ ਪਬਲਿਕ ਨੂੰ ਜਾਗਰੂਕ ਕਰਨ ਲਈ 2017 ਮੀਟਿੰਗਾਂ ਕੀਤੀਆਂ ਗਈਆਂ ਹਨ। ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਨਸ਼ੇ ਦੀ ਦਲਦਲ ਵਿੱਚ ਫਸੇ 150 ਵਿਅਕਤੀਆਂ ਨੂੰ ਨਸ਼ਾ ਛਡਾਉ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ ਅਤੇ 2056 ਵਿਅਕਤੀਆਂ ਨੂੰ ਦਵਾਈ/ਮੈਡੀਸ਼ਨ ਦਿਵਾਈ ਜਾ ਚੁੱਕੀ ਹੈ। ਸੰਗਰੂਰ ਪ੍ਰਸ਼ਾਸਨ ਵੱਲੋਂ 43 ਨਸ਼ਾ ਤਸਕਰਾਂ ਵੱਲੋਂ ਨਸ਼ੇ ਦਾ ਧੰਦਾ ਕਰਕੇ ਬਣਾਈ ਗਈ ਗੈਰਕਾਨੂੰਨੀ ਪ੍ਰਾਪਰਟੀ ਨੂੰ ਬੁਲਡੋਜਰ ਚਲਾ ਕੇ ਢਾਹ ਦਿੱਤਾ ਗਿਆ। ਇਸ ਤੋਂ ਇਲਾਵਾ ਸਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 406 ਮੁਕੱਦਮੇ ਦਰਜ ਕਰਕੇ 427 ਦੋਸੀਆਂ ਨੂੰ ਕਾਬੂ ਕਰਕੇ 6881.375 ਲੀਟਰ ਸਰਾਬ ਠੇਕਾ ਦੇਸੀ, 1120.750 ਲੀਟਰ ਸਰਾਬ ਨਜਾਇਜ, 235.500 ਲੀਟਰ ਸਰਾਬ ਅੰਗਰੇਜੀ, 11260 ਲੀਟਰ ਲਾਹਣ, 04 ਚਾਲੂ ਭੱਠੀਆਂ, 5.750 ਲੀਟਰ ਬੀਅਰ ਅਤੇ 500 ਲੀਟਰ ਸਪਰਿੱਟ ਬ੍ਰਾਮਦ ਕਰਵਾਇਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

**ਆਪ੍ਰੇਸ਼ਨ ਪ੍ਰਹਾਰ-2**

ਐਸ.ਐਸ.ਪੀ ਸੰਗਰੂਰ ਸ਼੍ਰੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਗੈਂਗਸਟਰਾਂ 'ਤੇ ਵਾਰ ਦੀ ਲੜੀ ਵਿੱਚ 'ਆਪ੍ਰੇਸ਼ਨ ਪ੍ਰਹਾਰ-2' ਸਬੰਧੀ ਅਗਲੇ 72 ਘੰਟਿਆਂ ਲਈ ਸਪੈਸ਼ਲ ਮੁਹਿੰਮ ਚਲਾਈ ਗਈ ਹੈ। ਜਿਸ ਤਹਿਤ ਜਿਲ੍ਹਾ ਸੰਗਰੂਰ ਅੰਦਰ ਅੱਜ ਮਿਤੀ 09 ਫਰਵਰੀ 2026 ਨੂੰ ਸ੍ਰੀ ਰਾਜੇਸ਼ ਛਿੱਬਰ, ਕਪਤਾਨ ਪੁਲਿਸ (ਸਥਾਨਕ), ਸ੍ਰੀ ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਅਤੇ ਸ੍ਰੀ ਨਵਰੀਤ ਸਿੰਘ ਵਿਰਕ, ਕਪਤਾਨ ਪੁਲਿਸ (ਪੀ.ਬੀ.ਆਈ) ਸੰਗਰੂਰ ਦੀ ਨਿਗਰਾਨੀ ਹੇਠ ਡੀ.ਐਸ.ਪੀਜ, ਮੁੱਖ ਅਫਸਰਾਨ ਥਾਣਾ, ਇੰਚਾਰਜ ਸੀ.ਆਈ.ਏ ਅਤੇ ਇੰਚਾਰਜ ਚੌਂਕੀਆਂ ਦੀਆਂ ਟੀਮਾਂ ਬਣਾ ਕੇ ਕੁੱਲ 90 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਨ੍ਹਾਂ ਵਿੱਚੋਂ 41 ਲੋੜੀਂਦੇ ਅਪਰਾਧੀ ਗ੍ਰਿਫਤਾਰ ਕੀਤੇ ਗਏ, 25 ਦੋਸ਼ੀਆਂ 'ਤੇ ਇਹਤਿਆਤੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ, 62 ਲੋੜੀਂਦੇ ਅਪਰਾਧੀਆਂ ਨੂੰ ਵੈਰੀਫਾਈ ਕੀਤਾ ਗਿਆ, 01 ਪੀ.ਓ. ਗ੍ਰਿਫਤਾਰ ਕੀਤਾ ਗਿਆ। ਸਰਚ ਦੌਰਾਨ 10 ਗ੍ਰਾਮ ਹੈਰੋਇਨ, 57 ਨਸ਼ੀਲੀਆਂ ਗੋਲੀਆਂ, 10 ਕਿੱਲੋਗ੍ਰਾਮ ਹਰੇ ਪੌਦੇ ਪੋਸਤ ਅਤੇ ਚੋਰੀਸ਼ੁਦਾ 20 ਕਿੱਲੋ ਤਾਰ ਤਾਂਬਾ ਬ੍ਰਾਮਦ ਕਰਾਇਆ ਗਿਆ। ਨਾਕਾਬੰਦੀਆਂ ਦੌਰਾਨ ਸ਼ੱਕੀ ਵਿਅਕਤੀਆਂ/ਵਹੀਕਲਾਂ ਨੂੰ ਚੈੱਕ ਕੀਤਾ ਗਿਆ, ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਹੀਕਲ ਚਾਲਕਾਂ ਦੇ 176 ਚਲਾਣ ਕੀਤੇ ਗਏ।

### ਪਿੰਡ ਛਾਜਲੀ ਵਿੱਚ ਜਲਦ ਲੱਗੇਗਾ ਐਸਟ੍ਰੋਟਰਫ ਹਾਕੀ ਮੈਦਾਨ - ਵਿੱਤ ਅਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ

# ਜੋ ਨੌਜਵਾਨ ਖੇਡਾਂ ਨਾਲ ਜੁੜੇ ਰਹਿੰਦੇ ਹਨ, ਉਹ ਨਸ਼ੇ ਵਰਗੀਆਂ ਬੁਰਾਈਆਂ ਦੀ ਗ੍ਰਿਫ਼ਤ ਵਿੱਚ ਨਹੀਂ ਆ ਸਕਦੇ



ਛਾਜਲੀ ( ਰਣਜੀਤ ਸਿੰਘ ਪੇਧਨੀ ): ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਹੁਲਾਰਾ ਦੇਣ ਅਤੇ ਨੌਜਵਾਨਾਂ ਨੂੰ ਸਿਹਤਮੰਦ ਮਾਹੌਲ ਪ੍ਰਦਾਨ ਕਰਨ ਦੇ ਲਗਾਤਾਰ ਯਤਨਾਂ ਅਧੀਨ, ਪਿੰਡ ਛਾਜਲੀ ਦੇ ਹਾਕੀ ਮੈਦਾਨ ਵਿੱਚ ਜਲਦ ਹੀ ਐਸਟ੍ਰੋਟਰਫ (ਸਿੰਥੈਟਿਕ ਟਰਫ) ਸਤਹਿ ਲਗਾਈ ਜਾਵੇਗੀ। ਇਸ ਸਬੰਧੀ ਐਲਾਨ ਵਿੱਤ ਅਤੇ ਯੋਜਨਾ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਕੀਤਾ ਹੈ। ਪਿੰਡ ਛਾਜਲੀ ਵਿਖੇ ਹਾਕੀ ਟੂਰਨਾਮੈਂਟ ਵਿੱਚ ਸ਼ਿਰਕਤ ਕਰਦਿਆਂ ਸ੍ਰ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਪੱਧਰ 'ਤੇ ਕੰਮ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਹਿਲੇ ਪੜਾਅ ਵਿੱਚ 4000 ਆਧੁਨਿਕ ਖੇਡ ਮੈਦਾਨ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਵਿੱਚ ਪਿੰਡਾਂ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ, ਰਾਜ ਵਿੱਚ ਹਾਕੀ ਅਤੇ ਹੋਰ ਖੇਡਾਂ ਲਈ ਐਸਟ੍ਰੋਟਰਫ ਮੈਦਾਨਾਂ ਦੀ ਸਥਾਪਨਾ ਅਤੇ ਅਪਗ੍ਰੇਡੇਸ਼ਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਇਹ ਕਦਮ ਨੌਜਵਾਨਾਂ ਨੂੰ ਸਕਾਰਾਤਮਕ ਗਤੀਵਿਧੀਆਂ ਵੱਲ ਲੈ ਜਾਣ ਅਤੇ ਰਾਸ਼ਟਰੀ/ਅੰਤਰਰਾਸ਼ਟਰੀ ਪੱਧਰ ਤੇ ਪੰਜਾਬ ਦੀ ਸ਼ਾਨ ਵਧਾਉਣ ਲਈ ਚੁੱਕੇ ਗਏ ਹਨ। ਪੰਜਾਬ ਨੂੰ ਖੇਡਾਂ ਦਾ ਹੱਬ ਬਣਾਉਣ ਲਈ ਲਗਭਗ 1000 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਹੈ ਅਤੇ 'ਖੇਡਾਂ ਵਤਨ ਪੰਜਾਬ ਦੀਆਂ' ਵਰਗੇ ਪ੍ਰੋਗਰਾਮਾਂ ਰਾਹੀਂ ਗ੍ਰਾਸਰੂਟ ਪੱਧਰ ਤੇ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਮੰਤਰੀ ਚੀਮਾ ਨੇ ਕਿਹਾ ਕਿ ਪਿੰਡ ਛਾਜਲੀ ਹਾਕੀ ਦਾ ਇੱਕ ਮਜ਼ਬੂਤ ਗੜ੍ਹ ਰਿਹਾ ਹੈ ਅਤੇ ਇੱਥੋਂ ਬਹੁਤ ਸਾਰੇ ਚੰਗੇ ਖਿਡਾਰੀ ਉੱਭਰੇ ਹਨ। ਹੁਣ ਐਸਟ੍ਰੋਟਰਫ ਮੈਦਾਨ ਲੱਗਣ ਨਾਲ ਖਿਡਾਰੀ ਵਧੀਆ ਅੰਤਰਰਾਸ਼ਟਰੀ ਪੱਧਰ ਦੀ ਸਹੂਲਤਾਂ ਵਾਲੇ ਮੈਦਾਨ ਤੇ ਖੇਡ ਸਕਣਗੇ, ਜਿਸ ਨਾਲ ਉਨ੍ਹਾਂ ਦੀ ਪ੍ਰਦਰਸ਼ਨ ਵਿੱਚ ਵਾਧਾ ਹੋਵੇਗਾ ਅਤੇ ਰਾਜ ਦੀ ਸ਼ਾਨ ਵਧੇਗੀ। ਉਨ੍ਹਾਂ ਨੇ ਖਾਸ ਤੌਰ ਤੇ ਖੁਸ਼ੀ ਜ਼ਾਹਰ ਕੀਤੀ ਕਿ ਇਸ ਪਿੰਡ ਦੀਆਂ ਤਿੰਨ ਕੁੜੀਆਂ ਨੂੰ ਹਾਲ ਹੀ ਵਿੱਚ ਰਾਸ਼ਟਰੀ ਪੱਧਰ ਲਈ ਚੋਣ ਹੋਈ ਹੈ। ਇਹ ਪਿੰਡ ਦੀ ਖੇਡ ਸੱਭਿਆਚਾਰ ਅਤੇ ਨੌਜਵਾਨਾਂ ਦੀ ਮਿਹਨਤ ਦਾ ਸਿੱਟਾ ਹੈ। ਸ. ਚੀਮਾ ਨੇ ਪ੍ਰਬੰਧਕਾਂ ਅਤੇ ਸਥਾਨਕ ਖੇਡ ਸੰਗਠਨਾਂ ਨੂੰ ਅਪੀਲ ਕੀਤੀ ਕਿ ਉਹ ਸਾਲ ਵਿੱਚ ਘੱਟੋ-ਘੱਟ ਦੋ ਵਾਰ ਵੱਖ-ਵੱਖ ਟੂਰਨਾਮੈਂਟ ਕਰਵਾਇਆ ਕਰਨ। ਇਸ ਨਾਲ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੀ ਪ੍ਰਤਿਭਾ ਵਿਖਾਉਣ ਦੇ ਵਧੇਰੇ ਮੌਕੇ ਮਿਲਣਗੇ ਅਤੇ ਖੇਡਾਂ ਦਾ ਪੱਧਰ ਵੀ ਉੱਚਾ ਹੋਵੇਗਾ। ਉਨ੍ਹਾਂ ਜ਼ੋਰ ਦਿੱਤਾ ਕਿ ਜੋ ਨੌਜਵਾਨ ਖੇਡਾਂ ਜਾਂ ਖੇਡ ਮੈਦਾਨਾਂ ਨਾਲ ਜੁੜੇ ਰਹਿੰਦੇ ਹਨ, ਉਹ ਨਸ਼ੇ ਵਰਗੀਆਂ ਬੁਰਾਈਆਂ ਦੀ ਗ੍ਰਿਫ਼ਤ ਵਿੱਚ ਨਹੀਂ ਆ ਸਕਦੇ। ਖੇਡਾਂ ਨੌਜਵਾਨਾਂ ਨੂੰ ਸਿਹਤਮੰਦ, ਅਨੁਸ਼ਾਸਿਤ ਅਤੇ ਸਕਾਰਾਤਮਕ ਦਿਸ਼ਾ ਵੱਲ ਲੈ ਜਾਂਦੀਆਂ ਹਨ। ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਸਹਿਯੋਗ ਅਤੇ ਮੱਦਦ ਕਰਨ ਲਈ ਵਚਨਬੱਧ ਹੈ। ਇਸ ਮੌਕੇ ਤੇ ਸਥਾਨਕ ਖੇਡ ਪ੍ਰੇਮੀਆਂ, ਪੰਚਾਇਤ ਮੈਂਬਰਾਂ ਅਤੇ ਗੁਰੂ ਸਿੱਖਿਆ ਪ੍ਰੇਮੀਆਂ ਨੇ ਮੰਤਰੀ ਦਾ ਧੰਨਵਾਦ ਕੀਤਾ ਅਤੇ ਇਸ ਐਲਾਨ ਨੂੰ ਪਿੰਡ

ਆਵਾਜ਼ਿ ਕੌਮ AWAZE QAUM International Newspaper & WEB TV

# ਕਣਕ ਨੂੰ ਵਧੇਰੇ ਗਰਮੀ ਤੋਂ ਬਚਾਅ ਅਤੇ ਚੰਗਾ ਝਾੜ ਲੈਣ ਸਬੰਧੀ ਪਿੰਡ ਸਕਰੌਦੀ ਵਿਖੇ ਲਗਾਈ ਕਿਸਾਨ ਗੋਸ਼ਟੀ




**ਭਵਾਨੀਗੜ੍ਹ ( ਰਣਜੀਤ ਸਿੰਘ ਪੇਧਨੀ )**-ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੀ ਯੋਗ ਅਗਵਾਈ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਨੇ ਮੌਜੂਦਾ ਕਣਕ ਨੂੰ ਵਧੇਰੇ ਗਰਮੀ ਤੋਂ ਬਚਾਅ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਸਰਵ-ਪੱਖੀ ਰੋਕਥਾਮ, ਭੂਮੀ ਸਿਹਤ ਸੁਧਾਰ ਸਬੰਧੀ ਨੁਕਤੇ ਆਦਿ ਤੇ ਪਿੰਡ ਸਕਰੌਦੀ ਵਿਖੇ ਕਿਸਾਨ ਗੋਸ਼ਟੀ ਲਗਾਈ। ਕੇਂਦਰ ਦੇ ਇੰਚਾਰਜ ਅਤੇ ਸੀਨੀਅਰ ਪਸਾਰ ਵਿਗਿਆਨੀ ਡਾ. ਅਸ਼ੋਕ ਕੁਮਾਰ ਗਰਗ ਨੇ ਕਿਸਾਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਵਧੇਰੇ ਤਾਪਮਾਨ ਤੋਂ ਬਚਾਅ ਲਈ ਕਣਕ ਦੀ ਫ਼ਸਲ ਤੇ ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਲੋੜੀਂਦੇ ਤਾਪਮਾਨ ਤੋਂ ਵੱਧ ਗਰਮੀ ਕਣਕ ਦੀ ਫ਼ਸਲ ਲਈ ਹਾਨੀਕਾਰਕ ਹੋ ਸਕਦੀ ਹੈ, ਇਸ ਨੂੰ ਗਰਮੀ ਦਾ ਤਣਾਅ ਜਾਂ ਹੀਟ ਸਟਰੈੱਸ ਕਹਿੰਦੇ ਹਨ। ਵੱਧ ਗਰਮੀ ਕਰਕੇ ਦਾਣੇ ਭਰਨ ਸਮੇਂ ਕਣਕ ਪਹਿਲਾਂ ਪੱਕ ਜਾਂਦੀ ਹੈ ਅਤੇ ਦਾਣੇ ਮਾਜੂ ਰਹਿ ਜਾਂਦੇ ਹਨ ਅਤੇ ਸੋਕੇ ਕਾਰਨ ਦਾਣਿਆਂ ਦਾ ਭਾਰ ਘੱਟ ਜਾਂਦਾ ਹੈ। ਇਸ ਤਣਾਅ ਉੱਪਰ ਕਾਬੂ ਪਾਉਣ ਲਈ ਪੋਟਾਸ਼ ਤੱਤ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਪੀ.ਏ.ਯੂ. ਲੁਧਿਆਣਾ ਦੁਆਰਾ ਕਣਕ ਦੀ ਫ਼ਸਲ ਨੂੰ ਅਖੀਰਲੇ ਗਰਮੀ ਦੇ ਤਣਾਅ ਤੋਂ ਬਚਾਉਣ ਲਈ ਦਾਣੇ ਭਰਨ ਸਮੇਂ ਅਤੇ ਵੱਧ ਝਾੜ ਲੈਣ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (4 ਕਿੱਲੋ 13:0:45 ਨੂੰ 200 ਲਿਟਰ ਪਾਣੀ ਵਿੱਚ) ਦੇ ਦੋ ਛਿੜਕਾਅ ਪਹਿਲਾਂ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ। ਇਹਨਾਂ ਛਿੜਕਾਵਾਂ ਨਾਲ ਦਾਣਿਆਂ ਦੇ ਵਜ਼ਨ ਅਤੇ ਪ੍ਰਤੀ ਸਿੱਟਾ ਦਾਣਿਆਂ ਦੀ ਗਿਣਤੀ ਵੱਧਣ ਨਾਲ ਕਣਕ ਦੇ ਝਾੜ ਵਿੱਚ ਵਾਧਾ ਹੁੰਦਾ ਹੈ। ਭੂਮੀ ਦੀ ਸਿਹਤ ਸੁਧਾਰ ਲਈ ਡਾ. ਅਸ਼ੋਕ ਨੇ ਕਿਸਾਨਾਂ ਨੂੰ ਕਣਕ ਦੀ ਵਾਢੀ ਤੋਂ ਬਾਅਦ ਹਰੀ ਖਾਦ ਦੀਆਂ ਫਸਲਾਂ ਜਿਵੇਂ ਕਿ ਸਣ, ਢੈਂਚਾਂ/ਜੰਤਰ ਆਦਿ ਬੀਜਣ ਨੂੰ ਕਿਹਾ। ਉਹਨਾਂ ਨੇ ਮਿੱਟੀ ਪਰਖ਼ ਕਰਵਾ ਕੇ ਭੂਮੀ ਦਾ ਜੈਵਿਕ ਮਾਦਾ ਸੁਧਾਰਨ ਲਈ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਹੀ ਸੰਭਾਲਣ ਬਾਰੇ, ਜੈਵਿਕ ਖਾਦਾਂ ਦੀ ਵਰਤੋਂ ਬਾਰੇ ਵਿਚਾਰ ਸਾਂਝੇ ਕੀਤੇ। ਉਹਨਾਂ ਸੈਂਟਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜਿਵੇਂ ਕਿ ਕਿਸਾਨ ਮੇਲਿਆਂ ਤੋਂ ਬਾਅਦ ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ ਦੀ ਵਿੱਕਰੀ, ਖੇਤੀ ਸਾਹਿਤ ਦੀ ਵਿੱਕਰੀ, ਸਬਜ਼ੀਆਂ ਦੇ ਬੀਜ ਦੀਆਂ ਕਿੱਟਾਂ, ਜੈਵਿਕ ਖਾਦਾਂ ਦੇ ਟੀਕੇ ਅਤੇ ਹੋਰ ਬਾਰੇ ਕਿਸਾਨਾਂ ਨੂੰ ਦੱਸਿਆ। ਕਿਸਾਨਾਂ ਵਲੋਂ ਪੁੱਛੇ ਗਏ ਸਵਾਲਾਂ ਜਿਵੇਂ ਕਿ ਨੈਨੋ ਯੂਰੀਏ ਦੀ ਵਰਤੋਂ ਦੇ ਫਾਇਦੇ ਜਾਂ ਨੁਕਸਾਨ, ਬੋਰੋਨ ਤੱਤ ਦੀ ਲੋੜ, ਮਿੱਟੀ ਪਰਖ ਲਈ ਨਮੂਨੇ ਲੈਣ ਦਾ ਢੰਗ ਆਦਿ ਦੇ ਤਸੱਲੀਬਖਸ਼ ਜਵਾਬ ਦਿੱਤੇ ਗਏ। ਗੋਸ਼ਟੀ ਤੋਂ ਬਾਅਦ, ਸ. ਬੇਅੰਤ ਸਿੰਘ ਅਤੇ ਹੋਰ ਕਿਸਾਨਾਂ ਦੇ ਕਣਕ ਅਤੇ ਮਨਜਿੰਦਰ ਸਿੰਘ ਦੇ ਪਿਆਜ਼ ਦੇ ਖੇਤਾਂ ਦਾ ਦੌਰਾ ਵੀ ਕੀਤਾ ਗਿਆ ਅਤੇ ਮੌਕੇ ਤੇ ਹੀ ਕਿਸਾਨਾਂ ਦੀਆਂ ਖੇਤੀ ਸਬੰਧੀ ਮੁਸ਼ਿਕਲਾਂ ਦੇ ਹੱਲ ਵੀ ਦੱਸੇ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

# ਈ.ਟੀ.ਓ ਦੇ ਫਲੈਕਸ ਬੋਰਡ ਦੇਖ ਰਾਜਾ ਵੜਿੰਗ ਨੇ ਘਬਰਾਹਟ ਵਿੱਚ ਅਤਿਨਿੰਦਣਯੋਗ ਭਾਸ਼ਣ ਦੇ ਕਿ ਪੰਜਾਬ ਦੀ ਸਾਂਤੀ ਨੂੰ ਭੰਗ ਕਰਨ ਦਾ ਯਤਨ ਕੀਤਾ-ਮੈਡਮ ਸਰਬਜੀਤ ਕੌਰ

### ਮਿਹਨਤਕਸ਼ ਲੋਕਾਂ ਚੋਂ ਜਾਣੇ ਜਾਂਦੇ ਈ.ਟੀ.ਓ ਦੇ ਪਿਤਾ ਬਾਰੇ ਬਾਜਵਾ ਦਾ ਬਿਆਨ ਕਾਂਗਰਸ ਦੀ ਡੋਬੇਗਾ ਬੇੜੀ



ਜੰਡਿਆਲਾ ਗੁਰੂ 9 ਫਰਵਰੀ ( ਕੁਲਵੰਤ ਸਿੰਘ ਵਿਰਦੀ ) ਅੱਜ ਆਮ ਆਦਮੀ ਪਾਰਟੀ ਦੇ ਜੰਡਿਆਲਾ ਗੁਰੂ ਤੋਂ ਸੋਸ਼ਲ ਮੀਡੀਆ ਬਲਾਕ ਕੁਆਂਡੀਨੇਟਰ ਮੈਡਮ ਸਰਬਜੀਤ ਕੌਰ ਨੇ ਆਪਣੇ ਪ੍ਰੈਸ ਨੋਟ ਰਾਹੀਂ ਕਿਹਾ ਕਿ ਪਿਛਲੇ ਦਿਨੀਂ ਕਾਂਗਰਸ ਪਾਰਟੀ ਵੱਲੋਂ ਜੰਡਿਆਲਾ ਗੁਰੂ ਦੀ ਦਾਣਾ ਮੰਡੀ ਵਿਖੇ ਰੈਲੀ ਕੀਤੀ ਗਈ। ਇਸੇ ਰੈਲੀ ਚ ਵੱਖ-ਵੱਖ ਲੀਡਰਾਂ ਵੱਲੋਂ ਆਪਣੇ ਭਾਸ਼ਣ ਵਿੱਚ ਪੜਾਸ ਕੱਢੀ ਗਈ। ਅਤੇ ਆਪਣੀ ਛਵੀ ਨੂੰ ਨਵਾਂ ਕੁਝ ਦੇਣ ਲਈ ਪੰਜਾਬ ਸਰਕਾਰ ਖਿਲਾਫ਼ ਬੋਲਿਆ ਗਿਆ। ਜਿਨਾਂ ਵਿੱਚ ਪ੍ਰਤਾਪ ਸਿੰਘ ਬਾਜਵਾ ਵੱਲੋਂ ਆਪਣੇ ਭਾਸ਼ਣ ਚ ਹਲਕਾ ਜੰਡਿਆਲਾ ਗੁਰੂ ਦੇ ਕੈਬਨਿਟ ਮੰਤਰੀ ਅਤੇ ਵਿਕਾਸ ਪੁਰਸ਼ ਦੇ ਨਾਮ ਵਜੋਂ ਜਾਣੇ ਜਾਂਦੇ ਸ੍ਰ ਹਰਭਜਨ ਸਿੰਘ ਈਟੀਓ ਪ੍ਰਤੀ ਅਤਿਨਿੰਦਣਯੋਗ ਸ਼ਬਦਾਵਲੀ ਬੋਲ ਕਿ ਆਪਣੇ ਹੰਕਾਰ ਦਾ ਪ੍ਰਗਟਾਵਾ ਕੀਤਾ ਜੋ ਕਿ ਬਹੁਤ ਹੀ ਨਿੰਦਨ ਯੋਗ ਸੀ। ਜਿਸ ਵਿੱਚ ਬਾਜਵਾ ਨੇ ਮਿਹਨਤੀ ਲੋਕਾਂ ਵਿੱਚੋਂ ਸ੍ਰ ਹਰਭਜਨ ਸਿੰਘ ਈ.ਟੀ.ਓ ਜੀ ਦੇ ਪਿਤਾ ਵੱਲੋਂ ਆਪਣੀ ਮਿਹਨਤ ਦੇ ਜੋਰ ਤੇ ਸ੍ਰ ਹਰਭਜਨ ਸਿੰਘ ਈ.ਟੀ.ਓ ਜੀ ਨੂੰ ਉਚ ਪੱਧਰੀ ਪੜਾਈ ਕਰਵਾਈ ਅਤੇ ਅੱਜ ਪੜਾਈ ਦੇ ਕਾਰਨ ਸ੍ਰ ਈ.ਟੀ.ਓ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਹਨ ਅਤੇ ਮਿਹਨਤਕਸ ਈ.ਟੀ.ਓ ਦੇ ਪਿਤਾ ਦੇ ਖਿਲਾਫ ਬਾਜਵਾ ਦੇ ਦਿੱਤੇ ਬਿਆਨ ਨੇ ਕਾਂਗਰਸ ਦੀ ਡੁੱਬਦੀ ਬੇੜੀ ਚ ਪਾਇਆ ਭਾਰ ਜੋ 2027 ਵਿੱਚ ਡੁਬਦੀ ਨਜਰ ਆਵੇਗੀ! ਅੱਗੇ ਦੂਜੇ ਨੰਬਰ ਤੇ ਰਾਜਾ ਵੜਿੰਗ ਵਲੋਂ ਆਪਣੇ ਭਾਸ਼ਣ ਚ ਸ੍ਰ ਈ.ਟੀ.ਓ ਜੀ ਦੇ ਲੱਗੇ ਫਲੈਕਸ ਬੋਰਡਾਂ ਤੋਂ ਡਰਦੇ ਹੋਏ ਧੌਣ ਮਰੌੜਣ ਦਾ ਬਿਆਨ ਦੇ ਕਿ ਪੰਜਾਬ ਦੀ ਆਮਨ ਸਾਂਤੀ ਨੂੰ ਭੰਗ ਕਰਕੇ ਲਾਂਬੂ ਲਗਾਉਣ ਦਾ ਯਤਨ ਕੀਤਾ ਗਿਆ ਲੇਕਿਨ ਪੰਜਾਬ ਦੇ ਲੋਕ ਹੁਣ ਸਿਆਣੇ ਹੋ ਚੁੱਕੇ ਹਨ ਇਹ ਸਭ ਕੁਝ ਜਾਣਦੇ ਹਨ ਕਿ ਇਹ ਰੈਲੀ ਮੋਦੀ ਸਰਕਾਰ ਵਿਰੁੱਧ ਨਹੀਂ ਸੀ ਇਹ ਤਾਂ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ.ਟੀ.ਓ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਤੋਂ ਦੂਖੀ ਸਨ ਤੇ ਜੰਡਿਆਲਾ ਗੁਰੂ ਦੇ ਸੂਝਵਾਨ ਵੋਟਰਾਂ ਨੂੰ ਗੁੰਮਰਾਹ ਕਰਨ ਆਏ ਸਨ !

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਡਿਪਟੀ ਕਮਿਸ਼ਨਰ ਵੱਲੋਂ

# ਧੂਰੀ ਹਲਕੇ ਵਿੱਚ ਚੱਲ ਰਹੇ ਅਤੇ ਸ਼ੁਰੂ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੀ ਸਮੀਖਿਆ




**ਸੰਗਾਲਾ ( ਰਣਜੀਤ ਸਿੰਘ ਪੇਧਨੀ )**-ਡਿਪਟੀ ਕਮਿਸ਼ਨਰ ਰਾਹੁਲ ਚਾਬਾ ਵੱਲੋਂ ਧੂਰੀ ਹਲਕੇ ਵਿੱਚ ਚੱਲ ਰਹੇ ਅਤੇ ਆਉਣ ਵਾਲੇ ਦਿਨਾਂ ਵਿੱਚ ਸ਼ੁਰੂ ਕੀਤੇ ਜਾਣ ਵਾਲੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੈਰਾਥਨ ਮੀਟਿੰਗ ਕੀਤੀ ਗਈ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਵਿਕਾਸ ਕਾਰਜ ਆਪਸੀ ਤਾਲਮੇਲ ਨਾਲ ਨਿਰਧਾਰਤ ਸਮੇਂ ਅੰਦਰ ਪੂਰੇ ਕਰਨੇ ਯਕੀਨੀ ਬਣਾਏ ਜਾਣ, ਤਾਂ ਜੋ ਆਮ ਲੋਕਾਂ ਨੂੰ ਸਮੇਂ-ਸਿਰ ਸਹੂਲਤਾਂ ਮਿਲ ਸਕਣ।

ਸ੍ਰੀ ਰਾਹੁਲ ਚਾਬਾ ਨੇ ਕਿਹਾ ਕਿ ਧੂਰੀ ਹਲਕੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਅਤੇ ਸੁੰਦਰੀਕਰਨ ਦੇ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰੋਜ਼ਾਨਾ ਖ਼ੁਦ ਰਿਪੋਰਟ ਲੈਂਦੇ ਹਨ।ਉਨਾਂ ਕਿਹਾ ਕਿ ਕਿਸੇ ਵੀ ਚੱਲ ਰਹੇ ਕੰਮ ਵਿੱਚ ਬੇਲੋੜੀ ਦੇਰੀ ਅਤੇ ਗੁਣਵੱਤਾ ਵਿੱਚ ਕਮੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚੱਲ ਰਹੇ ਵਿਕਾਸ ਕਾਰਜਾਂ ਦੀ ਅਧਿਕਾਰੀ ਖੁਦ ਜਾ ਕੇ ਨਿਗਰਾਨੀ ਕਰਨ ਤਾਂ ਜੋ ਕੰਮ ਸਮੇਂ ਸਿਰ ਅਤੇ ਉੱਚ ਗੁਣਵੱਤਾ ਨਾਲ ਮੁਕੰਮਲ ਕੀਤੇ ਜਾ ਸਕਣ।

**ਵਿਕਾਸ ਕਾਰਜ ਨਿਰਧਾਰਤ ਸਮੇਂ ਅੰਦਰ ਵਿਭਾਗ ਆਪਸੀ ਤਾਲਮੇਲ ਨਾਲ ਮੁਕੰਮਲ ਕਰਨੇ ਯਕੀਨੀ ਬਣਾਉਣ : ਡਿਪਟੀ ਕਮਿਸ਼ਨਰ**

ਸਮੀਖਿਆ ਬੈਠਕ ਦੌਰਾਨ ਦੱਸਿਆ ਗਿਆ ਕਿ ਧੂਰੀ ਸ਼ਹਿਰ ਦੇ ਸੁੰਦਰੀਕਰਨ ਨਾਲ ਸੰਬੰਧਿਤ ਕੁੱਲ 11 ਵਿਕਾਸ ਕਾਰਜ ਅਗਲੇ ਦੋ ਮਹੀਨਿਆਂ ਵਿੱਚ ਮੁਕੰਮਲ ਕਰ ਲਏ ਜਾਣਗੇ। ਇਸ ਸਬੰਧੀ ਕਾਰਜਕਾਰੀ ਅਫਸਰ, ਨਗਰ ਕੌਂਸਲ ਧੂਰੀ ਗੁਰਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1.41 ਕਰੋੜ ਰੁਪਏ ਦੀ ਲਾਗਤ ਨਾਲ ਧੂਰੀ ਸ਼ਹਿਰ ਦੇ ਕ੍ਰਾਂਤੀ ਚੌਕ ਦੇ ਸੁੰਦਰੀਕਰਨ ਦਾ ਕੰਮ ਜਾਰੀ ਹੈ।ਉਨ੍ਹਾਂ ਦੱਸਿਆ ਕਿ 1.09 ਕਰੋੜ ਰੁਪਏ ਨਾਲ ਸਬਜ਼ੀ ਮੰਡੀ ਨੇੜੇ ਐੱਮ.ਸੀ. ਪਾਰਕ ਦੇ ਨਵੀਨੀਕਰਨ ਅਤੇ ਡਾ. ਬੀ.ਆਰ. ਅੰਬੇਡਕਰ ਜੀ ਦੀ ਮੂਰਤੀ ਦੀ ਸਥਾਪਨਾ ਸਬੰਧੀ ਟੈਂਡਰ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ, ਜਦਕਿ 27.63 ਲੱਖ ਰੁਪਏ ਦੀ ਲਾਗਤ ਨਾਲ ਸਬਜ਼ੀ ਮੰਡੀ ਨਾਲ ਲੱਗਦੇ ਇੰਡੋਰ ਖੇਡ ਹਾਲ ਦੀ ਅੱਪਗ੍ਰੇਡੇਸ਼ਨ ਕੀਤੀ ਜਾਵੇਗੀ।

ਉਨ੍ਹਾਂ ਅੱਗੇ ਦੱਸਿਆ ਕਿ ਧੂਰੀ ਵਿਖੇ ਆਰ.ਓ.ਬੀ. (ਸੰਗਰੂਰ ਸਾਈਡ) ਦੇ ਹੇਠਾਂ 1.03 ਕਰੋੜ ਰੁਪਏ ਦੀ ਲਾਗਤ ਨਾਲ "ਵਾਇਲਡ ਅਰੀਨਾ" ਪਾਰਕ ਦਾ ਵਿਕਾਸ ਕੀਤਾ ਜਾਵੇਗਾ, ਜਿਸ ਦਾ ਕੰਮ ਜਲਦ ਸ਼ੁਰੂ ਹੋਣ ਜਾ ਰਿਹਾ ਹੈ। ਇਸ ਤੋਂ ਇਲਾਵਾ 1.91 ਕਰੋੜ ਰੁਪਏ ਨਾਲ ਮਲੇਰਕੋਟਲਾ ਪਾਸੇ ਤੋਂ ਧੂਰੀ ਦੇ ਦਾਖ਼ਲੇ ਦਾ ਸੁੰਦਰੀਕਰਨ ਅਤੇ ਅੱਪਗ੍ਰੇਡੇਸ਼ਨ, 1.70 ਕਰੋੜ ਰੁਪਏ ਨਾਲ ਬਗੜੀਆਂ/ਨਾਭਾ ਪਾਸੇ ਤੋਂ ਧੂਰੀ ਦੇ ਦਾਖ਼ਲੇ ਦਾ ਸੁੰਦਰੀਕਰਨ ਅਤੇ ਅੱਪਗ੍ਰੇਡੇਸ਼ਨ ਅਤੇ 2.15 ਕਰੋੜ ਰੁਪਏ ਨਾਲ ਸੰਗਰੂਰ ਪਾਸੇ ਤੋਂ ਧੂਰੀ ਦੇ ਦਾਖ਼ਲੇ ਦਾ ਸੁੰਦਰੀਕਰਨ ਅਤੇ ਅੱਪਗ੍ਰੇਡੇਸ਼ਨ ਦਾ ਕੰਮ ਵੀ ਆਉਣ ਵਾਲੇ ਦਿਨਾਂ ਵਿੱਚ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਇਲਾਵਾ 3.10 ਕਰੋੜ ਰੁਪਏ ਦੀ ਲਾਗਤ ਨਾਲ ਆਰ.ਓ.ਬੀ. ਹੇਠਾਂ ਸ਼ੇਰਪੁਰ ਚੌਕ ਦਾ ਵਿਕਾਸ ਅਤੇ ਸੁੰਦਰੀਕਰਨ ਵੀ ਕੀਤਾ ਜਾਵੇਗਾ। ਇਸ ਮੌਕੇ ਐਕਸੀਅਨ ਜਲ ਸਪਲਾਈ ਅਤੇ ਸੀਵਰੇਜ ਬੋਰਡ ਰਾਹੁਲ ਕੌਸ਼ਲ ਵੱਲੋਂ ਐੱਸ.ਟੀ.ਪੀ. 'ਤੇ ਚੱਲ ਰਹੇ ਕੰਮਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ।ਪੰਜਾਬ ਮੰਡੀ ਬੋਰਡ ਦੇ ਐਕਸੀਅਨ ਪੁਨੀਤ ਸ਼ਰਮਾ ਨੇ ਕਹੇਰੂ ਵਿਖੇ ਬਣ ਰਹੇ ਸਪੋਰਟਸ ਕੰਪਲੈਕਸ ਦੀ ਪ੍ਰਗਤੀ ਬਾਰੇ ਦੱਸਿਆ, ਜਦਕਿ ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਅਜੇ ਗਰਗ ਨੇ 54.76 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਆਰ.ਓ.ਬੀ. ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੈਂਡਰ ਪ੍ਰਕਿਰਿਆ ਜਾਰੀ ਹੈ ਅਤੇ ਜਲਦ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਬੈਠਕ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਸੁਖਚੈਨ ਸਿੰਘ, ਐੱਸ.ਡੀ.ਐੱਮ. ਧੂਰੀ ਰਿਸ਼ਭ ਬਾਂਸਲ, ਡੀਐੱਸਪੀ ਗੁਰਪ੍ਰੀਤ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰੂ ਕਾਸ਼ੀ ਯੂਨੀਵਰਸਿਟੀ ਦਾ ਦੋ ਰੋਜ਼ਾ ਰੁਜ਼ਗਾਰ ਮੇਲਾ 10 ਫਰਵਰੀ ਨੂੰ




ਤਲਵੰਡੀ ਸਾਬੋ, 9 ਫਰਵਰੀ (ਗੁਰਜੰਟ ਸਿੰਘ ਨਥੇਹਾ)- ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਵੱਲੋਂ ਵਰਸਿਟੀ ਕੈਂਪਸ ਵਿੱਚ ਦੋ ਰੋਜ਼ਾ ਰੁਜ਼ਗਾਰ ਮੇਲੇ ਦਾ ਆਗਾਜ਼ 10 ਫਰਵਰੀ ਨੂੰ ਕੀਤਾ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਵਾਈਸ ਚਾਂਸਲਰ ਪ੍ਰੋ.(ਡਾ.) ਰਾਮੇਸ਼ਵਰ ਸਿੰਘ ਨੇ ਦੱਸਿਆ ਕਿ ਮੇਲੇ ਵਿੱਚ ਉੱਤਰੀ ਭਾਰਤ ਦੇ ਲਗਭਗ 30 ਅਦਾਰੇ ਆਪਣੀਆਂ ਜ਼ਰੂਰਤਾਂ ਅਨੁਸਾਰ ਯੋਗ ਉਮੀਦਵਾਰਾਂ ਦੀ ਚੋਣ ਕਰਨਗੇ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਕਈ ਉਮੀਦਵਾਰਾਂ ਨੂੰ ਮੌਕੇ ਤੇ ਹੀ ਨਿਯੁਕਤੀ ਪੱਤਰ ਦਿੱਤੇ ਜਾਣ ਦੀਆਂ ਸੰਭਾਵਨਾਵਾਂ ਹਨ। ਇਸ ਲਈ ਇੱਛੁਕ ਅਤੇ ਯੋਗ ਉਮੀਦਵਾਰ ਸਵੇਰੇ 10 ਵਜੇ ਆਪਣੇ ਤਾਜ਼ਾ ਪਾਸਪੋਰਟ ਸਾਈਜ਼ ਫੋਟੋਗ੍ਰਾਫ, ਵਿੱਦਿਅਕ ਯੋਗਤਾ ਦੀ ਅਸਲ ਤੇ ਪ੍ਰਮਾਣਿਤ ਫੋਟੋ ਕਾਪੀ, ਜਨਮ,ਜਾਤੀ ਅਤੇ ਆਮਦਨ ਸੰਬੰਧੀ ਲੋੜੀਂਦੇ ਸਰਟੀਫਿਕੇਟ ਲੈ ਕੇ ਯੂਨੀਵਰਸਿਟੀ ਵਿੱਚ ਨਿਸ਼ਚਿਤ ਸਥਾਨ ਤੇ ਸਮੇਂ ਸਿਰ ਪੁੱਜਣ ਦੀ ਸਲਾਹ ਦਿੱਤੀ ਜਾਂਦੀ ਹੈ। ਪਰੋ. ਵਾਈਸ ਚਾਂਸਲਰ ਪ੍ਰੋ.(ਡਾ.) ਪੀਯੂਸ਼ ਵਰਮਾ ਨੇ ਦੱਸਿਆ ਕਿ ਵਰਸਿਟੀ ਵੱਲੋਂ ਵੱਖ-ਵੱਖ ਸਮੇਂ ਤੇ ਵਿਦਿਆਰਥੀਆਂ ਨੂੰ ਸਵੈ ਉਦਯੋਗ ਸਥਾਪਿਤ ਕਰਨ ਵਾਸਤੇ ਲੋੜੀਂਦੀਆਂ ਪ੍ਰਕਿਰਿਆਵਾਂ, ਬੈਂਕ ਤੋਂ ਕਰਜਾ ਲੈਣ ਸੰਬੰਧੀ ਜਾਣਕਾਰੀ ਲਈ ਵਰਕਸ਼ਾਪ ਅਤੇ ਟ੍ਰੇਨਿੰਗ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਰੁਜ਼ਗਾਰ ਮੰਗਣ ਦੀ ਬਜਾਏ ਰੁਜ਼ਗਾਰ ਪ੍ਰਦਾਤਾ ਬਣਨ ਲਈ ਪ੍ਰੇਰਿਤ ਕੀਤਾ। ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਦੇ ਡਿਪਟੀ ਡਾਇਰੈਕਟਰ ਡਾ. ਵਿਕਾਸ ਗੁਪਤਾ ਨੇ ਦੱਸਿਆ ਕਿ ਰੁਜ਼ਗਾਰ ਮੇਲੇ ਲਈ 350 ਤੋਂ ਵੱਧ ਵਿਦਿਆਰਥੀ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ।ਉਨ੍ਹਾਂ ਦੱਸਿਆ ਕਿ ਭਾਰਤ ਦੀਆਂ ਨਾਮਵਰ ਕੰਪਨੀਆਂ ਵੱਲੋਂ ਏ.ਆਈ. ਇੰਜੀਨੀਅਰ, ਸੇਲਜ਼ ਮੈਨੇਜ਼ਰ, ਨੈਟਵਰਕਿੰਗ ਇੰਜੀਨਿਅਰ, ਸਾਫਟਵੇਅਰ ਇੰਜੀਨੀਅਰ, ਬਿਜਨੇਸ ਡਿਵੈਲਪਮੈਂਟ ਐਸੋਸਿਏਟ, ਵੈਬ ਡਿਜਾਇਨਰ, ਵੈਬ ਡਿਵੈਲਪਰ, ਡਿਜ਼ੀਟਲ ਮਾਰਕਿਟਿੰਗ ਮੈਨੇਜ਼ਰ ਆਦਿ ਦੀਆਂ ਅਸਾਮੀਆਂ ਲਈ ਯੋਗ ਉਮੀਦਵਾਰ ਚੁਣੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਮੇਲਾ ਹਾਈਬ੍ਰਿਡ ਮੋਡ ਵਿੱਚ ਹੋਵੇਗਾ ਕਿਉਂਕਿ ਮੇਲੇ ਦੇ ਦੂਜੇ ਦਿਨ ਕਈ ਕੰਪਨੀਆਂ ਆਨਲਾਈਨ ਵਿਧੀ ਨਾਲ ਉਮੀਦਵਾਰਾਂ ਦੀ ਚੋਣ ਕਰਨਗੀਆਂ। ਇਸ ਲਈ ਇੱਛੁਕ ਵਿਦਿਆਰਥੀ ਮੌਕੇ 'ਤੇ ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

# ਆਇਜ਼ੈਕ ਲਕਸ ਨੇ ਮੋਹਾਲੀ ਵਿੱਚ ਲਾਂਚ ਕੀਤੀ ਅਲਥੈਰੇਪੀ ਪ੍ਰਾਈਮ, ਨਾਨ-ਸਰਜੀਕਲ ਲਗਜ਼ਰੀ ਰੀਜੂਵੀਨੇਸ਼ਨ ਨੂੰ ਮਿਲਿਆ ਨਵਾਂ ਆਯਾਮ

**ਚੌਕ ਮਹਿਤਾ,9 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**- ਭਾਰਤ ਦੇ ਪ੍ਰਮੁੱਖ ਲਗਜ਼ਰੀ ਐਸਥੈਟਿਕ ਡੈਸਟਿਨੇਸ਼ਨਜ਼ ਵਿੱਚ ਸ਼ਾਮਲ ਆਇਜ਼ੈਕ ਲਕਸ ਨੇ ਨਾਨ-ਸਰਜੀਕਲ ਸਕਿਨ ਲਿਫਟਿੰਗ ਅਤੇ ਟਾਈਟਨਿੰਗ ਦੀ ਅਗਲੀ ਪੀੜ੍ਹੀ ਦੀ ਤਕਨਾਲੋਜੀ ਅਲਥੈਰੇਪੀ ਪ੍ਰਾਈਮ ਨੂੰ ਲਾਂਚ ਕੀਤਾ ਹੈ।ਸੈਲੇਬ੍ਰਿਟੀ ਐਸਥੈਟਿਕ ਫਿਜ਼ੀਸ਼ਨ ਅਤੇ ਅਵਾਰਡ ਜੇਤੂ ਸੰਸਥਾਪਕ ਡਾ. ਗੀਤਿਕਾ ਮਿੱਤਲ ਗੁਪਤਾ ਦੀ ਅਗਵਾਈ ਹੇਠ, ਆਇਜ਼ੈਕ ਲਕਸ ਇੱਕ ਵਾਰ ਫਿਰ ਕਲੀਨਿਕਲ ਐਕਸਲੈਂਸ ਦੇ ਨਵੇਂ ਮਾਪਦੰਡ ਸਥਾਪਤ ਕਰ ਰਿਹਾ ਹੈ।ਇਹ ਕਲੀਨਿਕ ਖੇਤਰ ਵਿੱਚ ਪਹਿਲਿਆਂ ਵਿੱਚ ਸ਼ਾਮਲ ਹੈ, ਜੋ ਇਸ ਐਫ.ਡੀ.ਏ. -ਕਲੀਅਰ ਅਧੁਨਿਕ ਤਕਨਾਲੋਜੀ ਨੂੰ ਪੇਸ਼ ਕਰ ਰਿਹਾ ਹੈ




ਨੀਡਲ-ਫ੍ਰੀ ਅਤੇ ਹਾਈ-ਪਰਫਾਰਮੈਂਸ ਰੀਜੂਵੀਨੇਸ਼ਨ ਟਰੀਟਮੈਂਟਸ ਦੀ ਵਧਦੀ ਮੰਗ ਦੇ ਮੱਦੇਨਜ਼ਰ, ਅਲਥੈਰੇਪੀ ਪ੍ਰਾਈਮ ਉਨ੍ਹਾਂ ਲੋਕਾਂ ਲਈ ਬਿਹਤਰ ਵਿਕਲਪ ਹੈ ਜੋ ਬਿਨਾਂ ਸਰਜਰੀ ਅਤੇ ਬਿਨਾਂ ਕਿਸੇ ਡਾਊਨਟਾਈਮ ਦੇ ਉੱਠੀਆਂ ਭੌਂਹਾਂ, ਸ਼ਾਰਪ ਜੌਲਾਈਨ ਅਤੇ ਟਾਈਟ ਗਰਦਨ ਚਾਹੁੰਦੇ ਹਨ।ਇਹ ਅਧੁਨਿਕ ਸਿਸਟਮ ਪਰੰਪਰਾਗਤ ਅਲਥੈਰੇਪੀ ਦੀ ਸਫਲ ਵਿਰਾਸਤ ਨੂੰ ਅੱਗੇ ਵਧਾਉਂਦਾ ਹੈ, ਜਿਸ ਲਈ ਆਇਜ਼ੈਕ ਲਕਸ ਨੂੰ ਪਹਿਲਾਂ ਹੀ ਭਾਰਤ ਦਾ ਨੰਬਰ 1 ਅਲਥੈਰੇਪੀ ਕਲੀਨਿਕ ਘੋਸ਼ਿਤ ਕੀਤਾ ਜਾ ਚੁੱਕਾ ਹੈ

ਅਲਥੈਰੇਪੀ ਪ੍ਰਾਈਮ ਵਿੱਚ ਐਡਵਾਂਸ ਰੀਅਲ-ਟਾਈਮ ਇਮੇਜਿੰਗ ਤਕਨਾਲੋਜੀ ਦਿੱਤੀ ਗਈ ਹੈ, ਜਿਸ ਨਾਲ ਡਾਕਟਰ ਚਮੜੀ ਦੀਆਂ ਗਹਿਰੀਆਂ ਪਰਤਾਂ ਨੂੰ ਸਪਸ਼ਟ ਤੌਰ 'ਤੇ ਦੇਖ ਸਕਦੇ ਹਨ ਅਤੇ ਕੋਲਾਜਨ ਸਟੀਮੂਲੇਸ਼ਨ ਲਈ ਊਰਜਾ ਨੂੰ ਬਿਲਕੁਲ ਸਹੀ ਥਾਂ 'ਤੇ ਪਹੁੰਚਾ ਸਕਦੇ ਹਨ। ਇਸ ਨਾਲ ਨਾ ਸਿਰਫ਼ ਟਰੀਟਮੈਂਟ ਤੇਜ਼ ਹੁੰਦਾ ਹੈ, ਸਗੋਂ ਮਰੀਜ਼ਾਂ ਲਈ ਜ਼ਿਆਦਾ ਆਰਾਮਦਾਇਕ ਅਨੁਭਵ ਵੀ ਯਕੀਨੀ ਬਣਦਾ ਹੈ।ਇਹ ਪ੍ਰਕਿਰਿਆ ਐਸਐਮਏਐਸ ਲੇਅਰ ਨੂੰ ਟਾਰਗੇਟ ਕਰਦੀ ਹੈ—ਉਹੀ ਲੇਅਰ ਜਿਸ 'ਤੇ ਸਰਜੀਕਲ ਫੇਸਲਿਫਟ ਆਧਾਰਿਤ ਹੁੰਦੀ ਹੈ—ਜਿਸ ਨਾਲ ਕੁਦਰਤੀ, ਲੰਬੇ ਸਮੇਂ ਤੱਕ ਰਹਿਣ ਵਾਲੇ ਨਤੀਜੇ ਮਿਲਦੇ ਹਨ ਅਤੇ ਕਿਸੇ ਵੀ ਕਿਸਮ ਦਾ ਡਾਊਨਟਾਈਮ ਨਹੀਂ ਹੁੰਦਾ ਲਾਂਚ ਮੌਕੇ ਡਾ. ਗੀਤਿਕਾ ਮਿੱਤਲ ਗੁਪਤਾ ਨੇ ਕਿਹਾ, "ਆਇਜ਼ੈਕ ਲਕਸ ਵਿੱਚ ਅਸੀਂ ਟ੍ਰੈਂਡਜ਼ ਨੂੰ ਫਾਲੋ ਨਹੀਂ ਕਰਦੇ, ਸਗੋਂ ਨਵੇਂ ਸਟੈਂਡਰਡ ਸੈੱਟ ਕਰਦੇ ਹਾਂ। ਅਲਥੈਰੇਪੀ ਪ੍ਰਾਈਮ ਸਾਨੂੰ ਬਹੁਤ ਹੀ ਸਟੀਕ ਅਤੇ ਪਰਸਨਲਾਈਜ਼ਡ ਟਰੀਟਮੈਂਟ ਦੇਣ ਵਿੱਚ ਮਦਦ ਕਰਦੀ ਹੈ। ਇਹ ਸਾਡੇ ਮਰੀਜ਼ਾਂ ਲਈ 'ਕੋਲਾਜਨ ਬੈਂਕਿੰਗ' ਵਰਗਾ ਹੈ, ਜਿਸ ਨਾਲ ਤਿੰਨ ਤੋਂ ਛੇ ਮਹੀਨਿਆਂ ਵਿੱਚ ਹੌਲੀ-ਹੌਲੀ ਕੁਦਰਤੀ ਯੰਗ ਲੁੱਕ ਸਾਹਮਣੇ ਆਉਂਦਾ ਹੈ ਅਤੇ ਨਤੀਜੇ ਇੱਕ ਸਾਲ ਤੋਂ ਵੀ ਵੱਧ ਸਮੇਂ ਤੱਕ ਬਣੇ ਰਹਿੰਦੇ ਹਨ ਆਇਜ਼ੈਕ ਲਕਸ ਦੀ ਓਪਰੇਸ਼ਨਲ ਐਕਸਲੈਂਸ ਦੀ ਅਗਵਾਈ ਕਰ ਰਹੀ ਸੀਈਓ ਝਰਨਾ ਧਰ ਨੇ ਮਰੀਜ਼ਾਂ ਦੇ ਆਰਾਮ ਅਤੇ ਸਟੀਕਤਾ 'ਤੇ ਜ਼ੋਰ ਦਿੰਦਿਆਂ ਕਿਹਾ, "ਅਲਥੈਰੇਪੀ ਪ੍ਰਾਈਮ ਨੂੰ ਸ਼ਾਮਲ ਕਰਨਾ ਐਡਵਾਂਸ ਐਸਥੈਟਿਕਸ ਵਿੱਚ ਸਾਡੀ ਲੀਡਰਸ਼ਿਪ ਨੂੰ ਹੋਰ ਮਜ਼ਬੂਤ ਕਰਦਾ ਹੈ। ਇਸ ਦੀ ਹਾਈ-ਡੈਫਿਨੀਸ਼ਨ ਇਮੇਜਿੰਗ ਹਰ ਪਲਸ ਵਿੱਚ ਸਹੀ ਨਤੀਜੇ ਯਕੀਨੀ ਬਣਾਉਂਦੀ ਹੈ, ਜਿਸ ਨਾਲ ਮਰੀਜ਼ਾਂ ਨੂੰ ਭਰੋਸੇਮੰਦ ਅਤੇ ਪ੍ਰਭਾਵਸ਼ਾਲੀ ਰਿਜ਼ਲਟ ਮਿਲਦੇ ਹਨ।" ਲਾਂਚ ਦੇ ਮੌਕੇ 'ਤੇ, ਆਇਜ਼ੈਕ ਲਕਸ ਆਪਣੇ ਦਿੱਲੀ ਐਨਸੀਆਰ, ਮੁੰਬਈ, ਬੈਂਗਲੁਰੂ, ਸ਼੍ਰੀਨਗਰ, ਸੂਰਤ ਅਤੇ ਮੋਹਾਲੀ ਸਥਿਤ ਕਲੀਨਿਕਸ ਵਿੱਚ ਮਰੀਜ਼ਾਂ ਨੂੰ 'ਪ੍ਰਾਈਮ ਡਿਫਰੈਂਸ' ਦਾ ਅਨੁਭਵ ਕਰਨ ਲਈ ਸੱਦਾ ਦੇ ਰਿਹਾ ਹੈ, ਜਿੱਥੇ ਅਧੁਨਿਕ ਵਿਗਿਆਨ ਅਤੇ ਸੱਤ-ਤਾਰਾ ਮਹਿਮਾਨਨਵਾਜ਼ੀ ਦਾ ਵਿਲੱਖਣ ਮੇਲ ਵੇਖਣ ਨੂੰ ਮਿਲਦਾ ਹੈ। ਡਾ. ਗੀਤਿਕਾ ਮਿੱਤਲ ਗੁਪਤਾ ਦੁਆਰਾ ਸਥਾਪਤ ਆਇਜ਼ੈਕ ਲਕਸ (ਇੰਟਰਨੈਸ਼ਨਲ ਸਕਿਨ ਐਂਡ ਐਂਟੀ-ਏਜਿੰਗ ਸੈਂਟਰ) ਇੱਕ ਮਲਟੀ-ਅਵਾਰਡ ਜੇਤੂ ਐਸਥੈਟਿਕ ਕਲੀਨਿਕ ਹੈ, ਜਿਸਨੂੰ ਵੋਗ, ਕੋਸਮੋਪਾਲਿਟਨ ਅਤੇ ਟਾਈਮਜ਼ ਬਿਜ਼ਨਸ ਅਵਾਰਡਜ਼ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹ ਕਲੀਨਿਕ ਸੁੰਦਰਤਾ ਅਤੇ ਵੈੱਲਨੈੱਸ ਲਈ ਆਪਣੇ ਸਮਗ੍ਰ 360-ਡਿਗਰੀ ਐਪ੍ਰੋਚ ਲਈ ਜਾਣਿਆ ਜਾਂਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁ.ਫਤ ਇਲਾਜ ਮਿਲੇਗਾ ਆਪ ਆਗੂ



ਸੰਗਾਲਾ ( ਰਣਜੀਤ ਸਿੰਘ ਪੇਧਨੀ ) ਮੁੱਖ ਮੰਤਰੀ ਸਿਹਤ ਯੋਜਨਾ, ਸਿਹਤ ਖੇਤਰ ਵਿਚਲੀ ਕ੍ਰਾਂਤੀ ਦੀ ਪ੍ਰਤੀਕ ਹੈ, ਜਿਸ ਨਾਲ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਅਮੀਰਾਂ ਦੀ ਪਹੁੰਚ ਵਿੱਚ ਆਉਂਦੇ ਸਭ ਤੋਂ ਮਹਿੰਗੇ ਨਿੱਜੀ ਹਸਪਤਾਲ ਵੀ ਗਰੀਬਾਂ ਲਈ ਖੋਲ੍ਹ ਦਿੱਤੇ ਗਏ ਹਨ, ਜੋ ਲੋਕ ਸੇਵਾ ਵਿੱਚ ਫੈਸਲਾਕੁੰਨ ਬਦਲਾਅ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਿੱਖਿਆ ਕੋਆਰਡੀਨੇਟਰ ਦਰਸ਼ਨ ਸਿੰਘ ਪਾਠਕ, ਐਮਸੀ ਭੁਪਿੰਦਰ ਸਿੰਘ, ਆਪ ਆਗੂ ਅਜੈਬ ਸਿੰਘ ਹੈਪੀ, ਟਰੇਡਰਜ਼ ਕਮਿਸ਼ਨ ਦੇ ਮੈਂਬਰ ਕੁਲਦੀਪ ਸਿੰਘ ਬੁੱਟਰ,ਆਪ ਆਗੂ ਵਿੱਕੀ ਚੱਠਾ, ਜਸਵੀਰ ਸਿੰਘ ਜੱਜ ਵਾਰਡ ਨੰਬਰ 11,12 ਦੇ ਸੇਵਾਦਾਰ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੁਫ਼ਤ ਸਿਹਤ ਸੰਭਾਲ ਦੇ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਹਰੇਕ ਪਰਿਵਾਰ ਨੂੰ ਯਕੀਨੀ ਬਣਾਉਣ ਲਈ ਸੂਬੇ ਦੇ ਤਿੰਨ ਕਰੋੜ ਲਾਭਪਾਤਰੀਆਂ ਨੂੰ ਸਿਹਤ ਯੋਜਨਾ ਕਾਰਡ ਜਾਰੀ ਕੀਤੇ ਜਾ ਰਹੇ ਹਨ। ਇਸ ਟੀਚੇ ਨੂੰ ਪੂਰਾ ਕਰਨ ਲਈ ਪਿੰਡ-ਪਿੰਡ ਕੈਂਪ ਲਾਏ ਜਾ ਰਹੇ ਹਨ। ਪੰਜਾਬ ਹੁਣ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਹਰੇਕ ਸੂਬਾ ਵਾਸੀ ਲਈ ਮੁਫ਼ਤ ਸਿਹਤ ਸੰਭਾਲ, ਮੁਫ਼ਤ ਸਿੱਖਿਆ ਅਤੇ ਮੁਫ਼ਤ ਬਿਜਲੀ ਦੀ ਗਰੰਟੀ ਪੂਰੀ ਕਰ ਦਿੱਤੀ ਹੈ। ਚੋਣਾਂ ਤੋਂ ਪਹਿਲਾਂ ਦਿੱਤੀਆਂ ਗਰੰਟੀਆਂ ਵਿੱਚੋਂ ਇੱਕ ਸਿਹਤ ਗਾਰੰਟੀ ਸੀ ਕਿ ਪੰਜਾਬ ਦੇ ਹਰ ਵਿਅਕਤੀ ਅਤੇ ਹਰ ਨਾਗਰਿਕ ਲਈ ਮੁਫ਼ਤ ਅਤੇ ਮਿਆਰੀ ਸਿਹਤ ਸੰਭਾਲ ਪ੍ਰਦਾਨ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਲਈ ਪੰਜਾਬ ਸਰਕਾਰ ਅੰਮ੍ਰਿਤਧਾਰੀ ਸਿੱਖ ਅਫ਼ਸਰਾਂ ਦੀ ਜਾਂਚ ਟੀਮ ਬਣਾਵੇ- ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਦਬ ਸਤਿਕਾਰ ਵਿਰੁੱਧ ਟਿੱਪਣੀ ਕਰਨ ਵਾਲੇ ਗੁਰਜੰਟ ਸਿੰਘ ਉੱਤੇ ਲਗਾਈ ਗਈ ਪਾਬੰਦੀ

**☛ ਹੋਲੇ ਮਹੱਲੇ ਦੌਰਾਨ ਸੰਗਤ 'ਤੇ ਰੰਗ ਸੁੱਟਣ ਉੱਤੇ ਪੂਰਨ ਪਾਬੰਦੀ ਹੋਵੇਗੀ ☛ ਗੁਰਦੁਆਰਾ ਸਾਹਿਬ ਵਿਨੀਪੈੱਗ ਸਾਊਥ ਸਿੱਖ ਸੈਂਟਰ ਦੇ ਪ੍ਰਬੰਧਕ 10 ਦਿਨਾਂ 'ਚ ਆਪਣਾ ਪੱਖ ਸ੍ਰੀ ਅਕਾਲ ਤਖ਼ਤ ਸਾਹਿਬ ਭੇਜਣ ☛ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ 'ਚੋਂ ਪੁਲਿਸ ਵੱਲੋਂ ਬੰਦੇ ਚੁੱਕਣ ਦੀ ਕਾਰਵਾਈ ਬਰਦਾਸ਼ਤਯੋਗ ਨਹੀਂ, ਪੰਜਾਬ ਸਰਕਾਰ ਸਪੱਸ਼ਟ ਕਰੇ ਪ੍ਰਕਰਮਾ 'ਚ ਦਾਖਲ ਹੋਣ ਵਾਲੇ ਵਿਅਕਤੀ ਕੌਣ**

**ਸ੍ਰੀ ਅੰਮ੍ਰਿਤਸਰ, 9 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਪੰਜਾਬ ਸਰਕਾਰ ਨੂੰ ਆਦੇਸ਼ ਜਾਰੀ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਅੰਮ੍ਰਿਤਧਾਰੀ ਸਿੱਖ ਪੁਲਿਸ ਅਫ਼ਸਰਾਂ ਦੇ ਅਧਾਰਤ ਹੀ ਬਣਾਈ ਜਾਵੇ। ਅੱਜ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦੇਸ਼ ਵਿਦੇਸ਼ ਵਿੱਚ ਵੱਸਦੀ ਸਿੱਖ ਸੰਗਤ ਵੱਲੋਂ ਪੁੱਜੇ ਸੁਝਾਵਾਂ, ਪੁੱਜੀ ਮੰਗ, ਬੀਤੇ ਦਿਨੀਂ ਦੋਆਬਾ ਖੇਤਰ ਦੇ ਇੱਕ ਅਸਥਾਨ ਉੱਤੇ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਕੀਤੀ ਮਰਯਾਦਾ ਦੀ ਉਲੰਘਣਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਇਹ ਅਤਿ ਜ਼ਰੂਰੀ ਹੈ ਕਿ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਕੇਵਲ ਅੰਮ੍ਰਿਤਧਾਰੀ ਸਿੱਖ ਅਫ਼ਸਰਾਂ ਦੇ ਅਧਾਰਤ ਹੀ ਹੋਵੇ।



ਉਨ੍ਹਾਂ ਕਿਹਾ ਕਿ ਮੌਜੂਦਾ ਜਾਂਚ ਟੀਮ ਦੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੇ ਕਾਰਨ ਸੰਗਤ ਦੇ ਮਨਾਂ ਵਿੱਚ ਦੁਵਿਧਾ ਪੈਦਾ ਹੋਈ ਹੈ ਅਤੇ ਕਈ ਖ਼ਦਸ਼ੇ ਖੜ੍ਹੇ ਹੋਏ ਹਨ, ਇਸ ਕਰਕੇ ਇਹ ਅਤਿ ਜ਼ਰੂਰੀ ਹੋ ਜਾਂਦਾ ਹੈ ਕਿ ਕੇਵਲ ਅੰਮ੍ਰਿਤਧਾਰੀ ਸਿੱਖ ਅਫ਼ਸਰ ਜਿਨ੍ਹਾਂ ਨੂੰ ਸਿੱਖ ਰਹਿਤ ਮਰਯਾਦਾ ਅਤੇ ਗੁਰੂ ਸਾਹਿਬ ਜੀ ਦੇ ਅਦਬ ਸਤਿਕਾਰ ਦੀ ਪੂਰਨ ਲਿਆਕਤ ਹੋਵੇ ਉਹ ਹੀ ਜਾਂਚ ਨੂੰ ਅੱਗੇ ਵਧਾਉਣ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਜਦੋਂ ਜਾਂਚ ਟੀਮ ਦੋਆਬਾ ਖੇਤਰ ਦੇ ਇੱਕ ਅਸਥਾਨ ਵਿਖੇ ਪਹੁੰਚੀ ਤਾਂ ਉਨ੍ਹਾਂ ਵੱਲੋਂ ਉੱਥੇ ਸਿੱਖ ਮਰਯਾਦਾ ਦੀ ਉਲੰਘਣਾ ਕਰਦਿਆਂ ਸੁਖਆਸਨ ਵਾਲੇ ਅਸਥਾਨ ਵਿਖੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਜਾਂਚ ਮਰਯਾਦਾ ਦੇ ਉਲਟ ਕੀਤੀ ਗਈ, ਜਿਸ ਨਾਲ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ, ਇਹ ਵਰਤਾਰਾ ਅਗਾਂਹ ਨਾ ਵਾਪਰੇ ਇਸ ਲਈ ਇਹ ਆਦੇਸ਼ ਕੀਤਾ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਦਬ ਸਤਿਕਾਰ ਦੇ ਵਿਰੁੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪਿਛਲੇ ਦਿਨੀਂ ਟਿੱਪਣੀਆਂ ਕਰਨ ਦੇ ਮਾਮਲੇ ਵਿੱਚ ਬਰਨਾਲਾ ਦੇ ਕਥਾਵਾਚਕ ਗੁਰਜੰਟ ਸਿੰਘ ਨੂੰ ਅੱਜ ਤਲਬ ਕੀਤਾ ਗਿਆ ਸੀ, ਉਹ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬ ਦੇ ਸਨਮੁਖ ਪੇਸ਼ ਹੋਏ। ਇਸ ਸਬੰਧੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਵੇਂ ਕਿ ਗੁਰਜੰਟ ਸਿੰਘ ਨੇ ਅੱਜ ਪੇਸ਼ ਹੋ ਕੇ ਖਿਮਾ ਜਾਚਨਾ ਕੀਤੀ ਹੈ, ਪਰੰਤੂ ਇਨ੍ਹਾਂ ਦਾ ਮਾਮਲਾ ਗੰਭੀਰ ਹੋਣ ਕਰਕੇ ਇਹ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰਿਆ ਜਾਵੇਗਾ ਅਤੇ ਇਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਗੁਰਜੰਟ ਸਿੰਘ ਨੂੰ ਪੇਸ਼ ਨਹੀਂ ਕੀਤਾ ਜਾਂਦਾ ਉਦੋਂ ਤੱਕ ਇਨ੍ਹਾਂ ਉੱਤੇ ਕਿਸੇ ਵੀ ਸਟੇਜ ਤੋਂ ਬੋਲਣ ਦੀ, ਕੀਰਤਨ ਕਰਨ ਦੀ ਪਾਬੰਦੀ ਰਹੇਗੀ। ਇਸ ਦੇ ਨਾਲ ਹੀ ਇਹ ਉਦੋਂ ਤੱਕ ਕਿਸੇ ਵੀ ਸਿੱਖ ਧਾਰਮਿਕ ਸਟੇਜ ਉੱਤੇ ਵੀ ਨਹੀਂ ਬੈਠਣਗੇ।

ਕੈਨੇਡਾ ਦੇ ਗੁਰਦੁਆਰਾ ਸਾਹਿਬ ਵਿਨੀਪੈੱਗ ਸਾਊਥ ਸਿੱਖ ਸੈਂਟਰ ਦੇ ਮਾਮਲੇ ਸਬੰਧੀ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੰਗਤ ਦੀਆਂ ਸ਼ਿਕਾਇਤਾਂ ਤੋਂ ਬਾਅਦ ਵਿਚਾਰਅਧੀਨ ਹੈ, ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਿਰੁੱਧ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਕਿ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨਾਲ ਕੋਈ ਛੇੜਛਾੜ ਕੀਤੀ ਗਈ ਹਨ, ਪ੍ਰਬੰਧਕ ਅੰਮ੍ਰਿਤਧਾਰੀ ਨਹੀਂ, ਗੁਰੂ ਘਰ ਅੰਦਰ ਮਨਮਤਾਂ ਹੁੰਦੀਆਂ ਹਨ ਅਤੇ ਸੰਗਤ ਨੂੰ ਗੁਰਦੁਆਰਾ ਸਾਹਿਬ ਆਉਣ ਤੋਂ ਰੋਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਦੁਆਰਾ ਪ੍ਰਬੰਧਕਾਂ ਨੂੰ ਵਾਰ-ਵਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਪਰੰਤੂ ਉਨ੍ਹਾਂ ਵੱਲੋਂ ਆਪਹੁਦਰੀ ਕਾਰਗੁਜ਼ਾਰੀ ਕਰਦਿਆਂ ਸੰਗਤ ਦੀਆਂ ਭਾਵਨਾਵਾਂ ਦੇ ਵਿਰੁੱਧ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੰਗਤ -35 ਡਿਗਰੀ ਦੇ ਤਾਪਮਾਨ ਵਿੱਚ ਵੀ ਉੱਥੇ ਵਿਰੋਧ ਕਰ ਰਹੀ ਹੈ, ਇਸ ਦੇ ਬਾਵਜੂਦ ਵੀ ਗੁਰਦੁਆਰਾ ਪ੍ਰਬੰਧਕਾਂ ਨੇ ਆਪਣਾ ਸਪੱਸ਼ਟੀਕਰਨ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜਣਾ ਜ਼ਰੂਰੀ ਨਹੀਂ ਸਮਝਿਆ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰਦੁਆਰਾ ਸਾਹਿਬ ਵਿਨੀਪੈੱਗ ਸਾਊਥ ਸਿੱਖ ਸੈਂਟਰ ਦੇ ਪ੍ਰਧਾਨ ਸ. ਨਿਸ਼ਾਨ ਸਿੰਘ, ਸਕੱਤਰ ਸ. ਬਲਜਿੰਦਰ ਸਿੰਘ, ਸ. ਮੋਹਨ ਸਿੰਘ, ਸ. ਨਵਦੀਪ ਸਿੰਘ, ਸ. ਕੁਲਵਿੰਦਰ ਸਿੰਘ, ਸ. ਰਛਪਾਲ ਸਿੰਘ ਅਤੇ ਸ. ਪਰਦੀਪ ਸਿੰਘ ਨੂੰ ਸਖ਼ਤ ਤਾੜਨਾ ਕੀਤੀ ਕਿ ਇਹ 10 ਦਿਨਾਂ ਦੇ ਵਿੱਚ-ਵਿੱਚ ਆਪਣਾ ਪੱਖ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਿੱਜੀ ਤੌਰ ਉੱਤੇ ਪੇਸ਼ ਹੋ ਕੇ ਦੇਣ,



ਸੰਗਤ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਸੰਗਤ ਨੂੰ ਗੁਰਦੁਆਰਾ ਸਾਹਿਬ ਆਉਣ ਦੀ ਇਜ਼ਾਜਤ ਦੇਣ ਅਤੇ ਗੁਰਮਤਿ ਦੇ ਉਲਟ ਕੀਤੇ ਜਾ ਰਹੇ ਕੰਮ ਬੰਦ ਕਰਨ। ਉਨ੍ਹਾਂ ਕਿਹਾ ਕਿ ਜੇਕਰ ਪ੍ਰਬੰਧਕਾਂ ਨੇ 10 ਦਿਨਾਂ ਦੇ ਵਿੱਚ-ਵਿੱਚ ਕੀਤੀਆਂ ਹਦਾਇਤਾਂ ਅਤੇ ਤਾੜਨਾ ਉੱਤੇ ਪਾਲਣਾ ਨਾ ਕੀਤੀ ਤਾਂ ਇਨ੍ਹਾਂ ਵਿਰੁੱਧ ਪੰਥਕ ਭਾਵਨਾਵਾਂ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ 4 ਮਾਰਚ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਹੋਲਾ-ਮਹੱਲਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਨਿਹੰਗ ਸਿੰਘ ਫ਼ੌਜਾਂ ਅਤੇ ਸਮੂਹ ਖ਼ਾਲਸਾ ਪੰਥ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਖ਼ਾਲਸਾਈ ਜਾਹੋ ਜਲਾਲ ਨਾਲ ਮਨਾਉਂਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਇਹ ਸਾਹਮਣੇ ਆਇਆ ਹੈ ਅਤੇ ਇਸ ਸਬੰਧੀ ਲਿਖਤੀ ਸ਼ਿਕਾਇਤਾਂ ਵੀ ਪੁੱਜੀਆਂ ਹਨ ਕਿ ਹੋਲੇ ਮਹੱਲੇ ਦੌਰਾਨ ਬਹੁਤ ਲੋਕ ਇੱਕ ਦੂਜੇ ਉੱਤੇ ਅੰਨ੍ਹੇਵਾਹ ਰੰਗ ਸੁੱਟਦੇ ਹਨ ਅਤੇ ਸੰਗਤ ਉੱਤੇ ਵੀ ਇਹ ਰੰਗ ਸੁੱਟਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਵਿਲੱਖਣ ਹੋਲੇ ਮਹੱਲੇ ਨੂੰ ਹੋਲੀ ਵੱਲ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਜਾਪਦਾ ਹੈ ਜੋ ਠੀਕ ਨਹੀਂ। ਉਨ੍ਹਾਂ ਕਿਹਾ ਕਿ ਹੋਲੇ ਮੋਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤ ਉੱਤੇ ਰੰਗ ਸੁੱਟਣਾ ਬਿਲਕੁਲ ਗ਼ੈਰ-ਵਾਜਬ ਹੈ ਅਤੇ ਇਹ ਸਿੱਖੀ ਸਿਧਾਂਤ ਦੇ ਉਲਟ ਹੈ, ਇਸ ਉੱਤੇ ਪੂਰਨ ਰੂਪ ਵਿੱਚ ਪਾਬੰਦੀ ਹੈ। ਇਸ ਸਬੰਧ ਪ੍ਰਸ਼ਾਸਨ ਨਾਲ ਵੀ ਗੱਲ ਕੀਤੀ ਜਾਵੇਗੀ ਅਤੇ ਜੇਕਰ ਕੋਈ ਉਲੰਘਣਾ ਕਰਦਾ ਹੈ ਤਾਂ ਉਸ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਨਿਹੰਗ ਸਿੰਘ ਮਹੱਲਾ ਕੱਢਦੇ ਹਨ ਤਾਂ ਉਹ ਇੱਕ ਦੂਜੇ ਦੇ ਉੱਪਰ ਗੁਲਾਲ ਪਾਉਂਦੇ ਹਨ ਜੋ ਕਿ ਇੱਕ ਸੀਮਤ ਦਾਇਰੇ ਦੇ ਵਿੱਚ ਹੁੰਦਾ ਹੈ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਵਿਸ਼ੇਸ਼ ਅਪੀਲ ਕੀਤੀ ਕਿ ਹੋਲਾ ਮਹੱਲਾ ਗੁਰੂ ਸਾਹਿਬ ਵੱਲੋਂ ਬਖ਼ਸ਼ਿਸ਼ ਕੀਤੀ ਰਵਾਇਤ ਅਨੁਸਾਰ ਹੀ ਮਨਾਈਏ ਅਤੇ ਇਸ ਮੌਕੇ ਵੱਧ ਤੋਂ ਵੱਧ ਗਿਣਤੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਨਤਮਸਤਕ ਹੋਈਏ।

ਬੀਤੇ ਦਿਨੀਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚੋਂ ਸ਼ਰਧਾਲੂ ਵਜੋਂ ਆਏ ਦੋ ਵਿਅਕਤੀਆਂ ਨੂੰ ਪੰਜਾਬ ਪੁਲਿਸ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਿਨਾਂ ਧਿਆਨ ਵਿੱਚ ਲਿਆਏ ਚੁੱਕਣ ਦੇ ਮਾਮਲੇ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਸਿੱਧੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਸੂਬੇ ਦੇ ਗ੍ਰਹਿ ਵਿਭਾਗ ਦੀ ਹੈ, ਕਿ ਕੀ ਉਨ੍ਹਾਂ ਵੱਲੋਂ ਹੁਣ ਪੁਲਿਸ ਨੂੰ ਇੰਨੀ ਖੁੱਲ੍ਹ ਦੇ ਦਿੱਤੀ ਗਈ ਹੈ ਕਿ ਉਹ ਐਵੇਂ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚੋਂ ਲੋਕਾਂ ਨੂੰ ਚੁੱਕ ਕੇ ਲੈ ਜਾਵੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਪਾਸੋਂ ਸਮੁੱਚੀ ਰਿਪੋਰਟ ਲਈ ਜਾਵੇਗੀ। ਇਹ ਪੁਲਿਸ ਦੀ ਬਹੁਤ ਹੀ ਗ਼ੈਰ-ਜ਼ਿੰਮੇਵਾਰੀ ਵਾਲੀ ਹਰਕਤ ਸੀ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਗ੍ਰਹਿ ਮੰਤਰਾਲੇ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਜੋ ਲੋਕ ਪ੍ਰਕਰਮਾ ਵਿੱਚੋਂ ਦੋ ਵਿਅਕਤੀਆਂ ਨੂੰ ਚੁੱਕ ਕੇ ਲੈ ਗਏ ਹਨ ਕੀ ਉਹ ਪੁਲਿਸ ਵਾਲੇ ਸਨ ਜਾਂ ਨਹੀਂ। ਉਸ ਦਿਨ ਉਹ ਕਿਹੜੇ ਵਿਅਕਤੀ ਸਨ ਜੋ ਪ੍ਰਕਰਮਾ ਵਿੱਚ ਦਾਖਲ ਹੋਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਹ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ ਕਿ ਉਹ ਐਵੇਂ ਸ੍ਰੀ ਦਰਬਾਰ ਸਾਹਿਬ ਵਿਚੋਂ ਬੰਦਿਆਂ ਨੂੰ ਚੁੱਕੇ।

ਸ੍ਰੀ ਚਮਕੌਰ ਸਾਹਿਬ ਦੇ ਖੇਤਰ ਵਿੱਚ ਲਗਾਈ ਜਾ ਰਹੀ ਪੇਪਰ ਮਿੱਲ ਸਬੰਧੀ ਬੀਤੇ ਦਿਨੀਂ ਇਲਾਕੇ ਦੀ ਸੰਗਤ ਵੱਲੋਂ ਦਿੱਤੇ ਮੰਗ ਪੱਤਰ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਫੈਕਟਰੀ ਲਗਾਉਣ ਲਈ ਜੋ ਸਰਵੇਖਣ ਕਰਵਾਇਆ ਗਿਆ ਹੈ ਉਸ ਵਿੱਚੋਂ ਇਲਾਕੇ ਦੇ ਇਤਿਹਾਸਕ ਸਿੱਖ ਧਾਰਮਿਕ ਅਸਥਾਨਾਂ ਨੂੰ ਮਨਫੀ ਕੀਤਾ ਗਿਆ ਹੈ ਜੋ ਕਿ ਬਹੁਤ ਹੀ ਇਤਰਾਜ਼ਯੋਗ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਚਮਕੌਰ ਸਾਹਿਬ ਦੀ ਸੰਗਤ ਨੇ ਸਰਵੇਖਣ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪੀ ਹੈ ਜਿਸ ਨੂੰ ਘੋਖ ਕੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

### ਸਫ਼ਾਈ ਅਤੇ ਮਰੀਜ਼ ਸੇਵਾਵਾਂ ਦੇ ਮਿਆਰਾਂ ਦੀ ਪਰਖ

# ਪੀ.ਐਚ.ਸੀ ਘੜੂੰਆਂ ਵਿੱਚ ਕਾਯਾਕਲਪ ਮੁਲਾਂਕਣ ਟੀਮ ਦਾ ਦੌਰਾ







**ਘੜੂੰਆਂ, 09 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਰਹਿਨੁਮਾਈ ਹੇਠ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਸਫ਼ਾਈ, ਸੁਵਿਧਾਵਾਂ ਅਤੇ ਮਰੀਜ਼ ਸੇਵਾਵਾਂ ਨੂੰ ਉੱਚ ਦਰਜੇ 'ਤੇ ਲਿਜਾਣ ਲਈ ਕਾਯਾਕਲਪ ਮੁਹਿੰਮ ਤਹਿਤ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸ ਸਬੰਧ ਵਿੱਚ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਪ੍ਰਾਇਮਰੀ ਹੈਲਥ ਸੈਂਟਰ ਘੜੂੰਆਂ ਵਿੱਚ ਕਾਯਾਕਲਪ ਮੁਲਾਂਕਣ ਕੀਤਾ ਗਿਆ। ਇਸ ਮੁਲਾਂਕਣ ਟੀਮ ਵਿੱਚ ਡਾ. ਗੁਰਪ੍ਰੀਤ ਸਿੰਘ ਮੈਡੀਕਲ ਅਫਸਰ ਡੈਂਟਲ ਅਤੇ ਹਰਬੰਸ ਸਿੰਘ ਰੇਡੀਓਗ੍ਰਾਫਰ ਸ਼ਾਮਲ ਸਨ। ਟੀਮ ਵੱਲੋਂ ਸਿਹਤ ਕੇਂਦਰ ਵਿੱਚ ਸਫ਼ਾਈ ਪ੍ਰਬੰਧ, ਬਾਇਓਮੈਡੀਕਲ ਵੇਸਟ ਮੈਨੇਜਮੈਂਟ, ਰਿਕਾਰਡ ਮੇਂਟੇਨੈਂਸ, ਮਰੀਜ਼ ਸਹੂਲਤਾਂ ਅਤੇ ਢਾਂਚਾਗਤ ਵਿਵਸਥਾਵਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ। ਟੀਮ ਨੇ ਕੁਝ ਸੁਝਾਵ ਵੀ ਦਿੱਤੇ ਤਾਂ ਜੋ ਸੇਵਾਵਾਂ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰੀਤ ਮੋਹਨ ਸਿੰਘ ਖੁਰਾਣਾ ਨੇ ਕਿਹਾ ਕਿ ਪੀ.ਐਚ.ਸੀ ਘੜੂੰਆਂ ਦੀ ਪੂਰੀ ਟੀਮ ਕਾਯਾਕਲਪ ਮਿਆਰਾਂ ਨੂੰ ਬਰਕਰਾਰ ਰੱਖਣ ਲਈ ਨਿਰੰਤਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਸਫ਼ਾਈ, ਸਹੀ ਬਾਇਓਮੈਡੀਕਲ ਵੇਸਟ ਪ੍ਰਬੰਧ ਅਤੇ ਮਰੀਜ਼ਾਂ ਨੂੰ ਵਧੀਆ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਸਾਡੀ ਪਹਿਲ ਹੈ ਅਤੇ ਅੱਗੇ ਵੀ ਇਨ੍ਹਾਂ ਮਿਆਰਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਇਸ ਮੌਕੇ ਮੈਡੀਕਲ ਅਫਸਰ ਡਾ. ਸਰੋਜ, ਮੈਡੀਕਲ ਅਫਸਰ ਡੈਂਟਲ ਡਾ. ਹਰਦੀਪ ਕੌਰ, ਬਲਾਕ ਐਕਸਟੈਂਸ਼ਨ ਐਜੂਕੇਟਰ ਸਾਹਿਲ ਸੁਖੇਰਾ, ਸਟਾਫ਼ ਨਰਸ ਅਮਨਿੰਦਰ ਕੌਰ ਅਤੇ ਰਮਨਦੀਪ ਕੌਰ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਜੀਠੀਆ ਦੇ ਆਉਣ ਨਾਲ ਪੰਜਾਬ ਦੀ ਨੌਜਵਾਨ ਪੀੜ੍ਹੀ 'ਚ ਖੁਸ਼ੀ ਦੀ ਲਹਿਰ : ਰੰਧਾਵਾ ਕਾਤਰੋਂ



**ਧੂਰੀ (ਰਣਜੀਤ ਸਿੰਘ ਪੇਧਨੀ)**-ਸ੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮਾਣਯੋਗ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਪੰਜਾਬ ਦੇ ਨੌਜਵਾਨਾਂ ਵਿਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ, ਉੱਘੇ ਸਮਾਜ ਸੇਵੀ, ਵਿਧਾਨ ਸਭਾ ਹਲਕਾ ਧੂਰੀ ਤੋਂ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਕੀਤਾ ਉਹਨਾਂ ਕਿਹਾ ਕਿ ਸਰਕਾਰ ਦੇ ਜਬਰ ਦੀ ਪ੍ਰਵਾਹ ਕੀਤੇ ਬਿਨਾਂ ਨੌਜਵਾਨ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਚੱਟਾਨ ਵਾਂਗ ਡਟ ਕੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਪੰਜਾਬ ਚ ਹੁਣ ਗਿਣਤੀ ਦੇ ਦਿਨ ਰਹਿ ਗਏ ਹਨ ਤੇ ਸਮਾਂ ਬਦਲਣ 'ਚ ਬਹੁਤੀ ਦੇਰ ਨਹੀਂ ਲੱਗਣੀ, ਜਿਹੜੇ ਵੀ ਆਪ ਦੇ ਲੀਡਰਾਂ ਜਾਂ ਪੁਲਸ ਅਫਸਰਾਂ ਨੇ ਅਕਾਲੀ ਦਲ ਦੇ ਆਗੂਆਂ, ਵਰਕਰਾਂ ਨਾਲ ਵਧੀਕੀਆਂ ਕੀਤੀਆਂ ਹਨ ਉਹ ਵੀ ਆਪਣੀ ਤਿਆਰੀ ਰੱਖਣ, ਉਨ੍ਹਾਂ ਕੋਲੋਂ ਹਰ ਧੱਕੇਸ਼ਾਹੀ ਦਾ ਹਿਸਾਬ ਲਿਆ ਜਾਵੇਗਾ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਸੀਨੀਅਰ ਆਗੂ ਰਵੀ ਈਸੜਾ, ਸਰਬਜੀਤ ਸਿੰਘ ਕਾਤਰੋਂ, ਨਿਰਭੈ ਸਿੰਘ ਧੂਰੀ, ਜਗਰੂਪ ਸਿੰਘ ਲੱਡਾ, ਜਗਜੀਤ ਸਿੰਘ ਮਿੱਠੂ ਲੱਡਾ, ਬਿਰਜ ਲਾਲ ਕਾਂਝਲਾ, ਹਰਬੰਤ ਸਿੰਘ ਕਾਤਰੋਂ, ਡਾਕਟਰ ਜਗਜੀਤ ਸਿੰਘ ਘਨੌਰੀ ਕਲਾਂ, ਅਮਰੀਕ ਸਿੰਘ ਬਰੜਵਾਲ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਘੱਲੂਘਾਰਾ ਦਿਵਸ 'ਤੇ ਵਿਸ਼ੇਸ਼

# ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ



**ਸ਼ਹੀਦ** ਕੌਮਾਂ ਦਾ ਸਰਮਾਇਆ ਹੁੰਦੇ ਹਨ । ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਪਿੱਛੋਂ ਸਮੇਂ ਦੀ ਹਕੂਮਤ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਰਾਹ ਤੁਰ ਪਈ । ਸਮੁੱਚੀ ਕੌਮ ਨੂੰ ਛੇ-ਸੱਤ ਦਹਾਕਿਆਂ ਤੱਕ ਜੰਗਲਾਂ ਵਿੱਚ ਰਹਿਣਾ ਪਿਆ । ਜਿਸ ਕੌਮ ਦੀਆਂ ਤਿੰਨ-ਚਾਰ ਪੀੜ੍ਹੀਆਂ ਨੂੰ ਘਰ-ਘਾਟ ਛੱਡ ਕੇ ਜੰਗਲਾਂ ਵਿੱਚ ਰਹਿਣਾ ਪਿਆ ਹੋਵੇਗਾ, ਉਸ ਕੌਮ ਦੇ ਪੁਰਖੇ ਕਿੰਨੇ ਸਖਤ ਜਾਨ ਹੋਣਗੇ । ਸਿੱਖ ਇਤਿਹਾਸ ਵਿੱਚ ਵੱਡੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆਂ ਜਾਂਦਾ ਖ਼ੂਨੀ ਸਾਕਾ 18ਵੀਂ ਸਦੀ ਵਿੱਚ 1762 ਈ: ਵਿੱਚ ਕੁੱਪ-ਰੁਹੀੜੇ ਦੇ ਅਸਥਾਨ 'ਤੇ ਫਰਵਰੀ ਦੇ ਮਹੀਨੇ ਵਿੱਚ ਵਾਪਰਿਆ । ਇਸ ਖ਼ੂਨੀ ਸਾਕੇ ਤੋਂ ਪਹਿਲਾਂ ਇਕ ਛੋਟਾ ਘੱਲੂਘਾਰਾ ਵੀ ਵਾਪਰਿਆ । ਇਹ ਘੱਲੂਘਾਰਾ ਵੱਡੇ ਘੱਲੂਘਾਰੇ ਤੋਂ 16 ਸਾਲ ਪਹਿਲਾਂ 1746 ਈ: ਵਿੱਚ ਮਈ-ਜੂਨ ਦੇ ਮਹੀਨਿਆਂ ਵਿੱਚ ਕਾਹਨੂੰਵਾਨ ਦੇ ਛੰਭ ਵਿੱਚ ਵਾਪਰਿਆ ਸੀ । ਇਸ ਤੋਂ ਬਾਅਦ ਇਕ ਤੀਜਾ ਘੱਲੂਘਾਰਾ ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਵਿੱਚ ਵਾਪਰਿਆ । ਇਸ ਖ਼ੂਨੀ ਸਾਕੇ ਨੂੰ ਜੂਨ-1984 ਦੇ ਨਾਂਅ ਨਾਲ ਜਾਣਿਆ ਜਾਂਦਾ ਹੈ । ਪਰ ਅਠਾਰਵੀਂ ਸਦੀ ਦੇ ਪੰਜਾਬ ਦਾ ਇਤਿਹਾਸ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਤੋਂ ਆਰੰਭ ਹੁੰਦਾ ਹੈ । ਇਸ ਅਠਾਰਵੀਂ ਸਦੀ ਵਿੱਚ ਮੁਗਲ ਹਕੂਮਤ ਵੱਲੋਂ ਕੀਤੇ ਤਸ਼ੱਦਦ ਨਾਲ ਪੰਜਾਬ ਦੇ ਇਤਿਹਾਸ ਦਾ ਕੋਈ ਪੰਨਾ ਅਜਿਹਾ ਨਹੀਂ ਜੋ ਸਿੱਖਾਂ ਨਾਲ ਹੋਏ ਟਕਰਾਅ ਦੀ ਦਾਸਤਾਨ ਤੋਂ ਖਾਲੀ ਹੋਵੇਗਾ । ਵੱਡਾ ਘੱਲੂਘਾਰਾ ਕੁੱਪ-ਰੁਹੀੜਾ (ਨੇੜੇ ਮਲੇਰਕੋਟਲਾ) ਦੇ ਅਸਥਾਨ 'ਤੇ ਜੋ ਲੁਧਿਆਣੇ ਤੋਂ ਮਲੇਰਕੋਟਲਾ ਜਾਣ ਵਾਲੀ ਸੜਕ ਦੇ ਪੱਛਮ ਵੱਲ ਮੌਜੂਦ ਹੈ, ਵਿਖੇ ਵਾਪਰਿਆ । ਅਹਿਮਦਸ਼ਾਹ ਅਬਦਾਲੀ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਦੀ ਕਸਮ ਖਾਧੀ ਹੋਈ ਸੀ । ਪਰ ਇਸ ਤੋਂ ਉਲਟ ਜਿਉਂ-ਜਿਉਂ ਜ਼ਬਰੋ-ਜ਼ੁਲਮ ਕਰ ਰਿਹਾ ਸੀ, ਤਿਉਂ-ਤਿਉਂ ਸਿੱਖਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਈ ਜਾ ਰਿਹਾ ਸੀ । ਇਹ ਗੱਲ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਸੀ ।

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ :
98143-24040



1762 ਈ: ਵਿੱਚ ਬਾਤ-ਦਾ ਬਤੰਗੜ ਬਨਾਉਣ ਵਾਲੇ ਗੱਦਾਰਾਂ ਨੇ ਚੁਗਲੀਆਂ ਕਰ-ਕਰ ਅਬਦਾਲੀ ਨੂੰ ਛੇਵੇਂ ਹਮਲੇ ਲਈ ਉਕਸਾਇਆ । ਹਮਲੇ ਦੀ ਸੋਅ ਮਿਲਣ-ਸਾਰ ਸਿੱਖਾਂ ਨੇ ਯੁੱਧ ਨੀਤੀ ਅਨੁਸਾਰ ਖਿੰਡ-ਪੁੰਡ ਕੇ ਮਾਲਵੇ ਦੇ ਮਾਰੂਥਲ ਵਾਲੇ ਇਲਾਕੇ ਵੱਲ ਕੂਚ ਕਰ ਦਿੱਤਾ । ਕੁੱਪ-ਰੁਹੀੜੇ ਦੇ ਥੇਹ ਉੱਤੇ ਇਕ ਢਾਬ ਦੇ ਕਿਨਾਰੇ ਜਾ ਡੇਰੇ ਲਾਏ । ਤਕਰੀਬਨ ਸਿੱਖਾਂ ਦੀਆਂ ਸਾਰੀਆਂ ਵਹੀਰਾਂ ਜਿਨ੍ਹਾਂ ਦੀ ਗਿਣਤੀ ਵੱਖ-ਵੱਖ ਇਤਿਹਾਸਕਾਰਾਂ ਨੇ 50-60 ਹਜ਼ਾਰ ਦੱਸੀ ਹੈ । ਇਨ੍ਹਾਂ ਵਹੀਰਾਂ ਵਿੱਚ ਬੱਚੇ, ਬਜ਼ੁਰਗ ਅਤੇ ਬੀਬੀਆਂ ਵੀ ਸ਼ਾਮਿਲ ਸਨ । ਜਦੋਂ ਅਬਦਾਲੀ ਨੂੰ ਸਿੱਖਾਂ ਨੂੰ ਪਾਣੀ ਦੀ ਢਾਬ ਕਿਨਾਰੇ ਇਕੱਠੇ ਹੋਣ ਦੀ ਸੂਹ ਮਿਲੀ ਤਾਂ ਉਹ ਆਪਣੀਆਂ ਫੌਜਾਂ ਨੂੰ ਲੈ ਕੇ ਕੁੱਪ-ਰਹੀੜੇ ਨੂੰ ਚੱਲ ਪਿਆ । ਇਧਰ ਅਬਦਾਲੀ ਦੇ ਹੁਕਮ ਅਨੁਸਾਰ ਨਵਾਬ ਜੈਨ ਖਾਂ ਸਰਹੰਦ ਤੇ ਨਵਾਬ ਮਲੇਰਕੋਟਲਾ ਨੇ ਆਪਣੇ ਲਸ਼ਕਰ ਸਮੇਤ ਕੁੱਪ-ਰੁਹੀੜਾ ਦੇ ਥੇਹ ਉੱਤੇ ਬੈਠੇ ਸਿੱਖਾਂ ਦੀਆਂ ਵਹੀਰਾਂ ਨੂੰ ਘੇਰਾ ਪਾ ਲਿਆ । ਨੌਜਵਾਨ ਸਿੱਖਾਂ ਨੇ ਆਪਣੇ ਜਰਨੈਲਾਂ ਦੀ ਅਗਵਾਈ ਅਬਦਾਲੀ ਦੀਆਂ ਦੋ ਤੋਂ ਢਾਈ ਲੱਖ ਫੌਜਾਂ ਦਾ ਆਲੇ ਦੁਆਲੇ ਤੋਂ ਘੇਰਾ ਪਾ ਕੇ ਸਖ਼ਤ ਮੁਕਾਬਲਾ ਕੀਤਾ ।

ਸਿੱਖ ਪਰਿਵਾਰਾਂ ਨੂੰ ਬਚਾਉਣ ਲਈ ਭਾਈ ਸ਼ੇਖੂ ਸਿੰਘ, ਭਾਈ ਸੱਗੂ ਸਿੰਘ ਭਾਈਕਾ ਜਾਨ ਹੂਲ ਕੇ ਪਰਿਵਾਰਾਂ ਨੂੰ ਬਚਾਉਣ ਲਈ ਜਾਨ ਹੂਲ ਕੇ ਲੜ ਰਹੇ ਸਨ । ਉਸ ਸਮੇਂ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਸ। ਜੱਸਾ ਸਿੰਘ ਆਹਲੂਵਾਲੀਆ, ਸ। ਚੜਤ ਸਿੰਘ ਸ਼ੁਕਰਚਕੀਆ, ਸ। ਕਰੋੜਾ ਸਿੰਘ, ਸ। ਕਰਮ ਸਿੰਘ, ਸ। ਗੁਜਰ ਸਿੰਘ, ਸ। ਨਾਹਰ ਸਿੰਘ, ਸ। ਹਰੀ ਸਿੰਘ ਭੰਗੂ ਆਦਿ ਸਿੱਖਾਂ ਦੀਆਂ ਬਾਰਾਂ ਮਿਸਲਾਂ ਦੇ ਸਰਦਾਰ ਜੰਗ-ਏ-ਮੈਦਾਨ ਵਿੱਚ ਕੌਮ ਲਈ ਜੂਝ ਰਹੇ ਸਨ । ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਤੇ ਬੁੱਢਾ ਦੱਲ ਦੇ ਜਥੇਦਾਰ ਸ। ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉੱਪਰ ਛੋਟੇ-ਵੱਡੇ 22 ਫੱਟ ਲੱਗੇ ਸਨ । ਇਸ ਘੱਲੂਘਾਰੇ ਦੇ ਇਸ ਘਮਸਾਣ ਦੇ ਯੁੱਧ ਵਿੱਚ ਸਿੱਖ ਦੁਰਾਨੀ ਦੀ ਫੌਜ ਅੱਗੇ ਚਟਾਨ ਵਾਂਗ ਅੜ ਖਲੋਤੇ । ਇਸ ਘੱਲੂਘਾਰੇ ਪ੍ਰਤੀ ਇਤਿਹਾਸਕਾਰਾਂ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖੰਡੇ ਬਾਟੇ ਦੇ ਅੰਮ੍ਰਿਤ ਕਲਾ ਵਰਤ ਰਹੀ ਸੀ । ਆਪਣੇ ਵਹੀਰ ਵਿੱਚ ਸ਼ਾਮਿਲ ਬਜ਼ੁਰਗਾਂ, ਬੱਚਿਆਂ ਅਤੇ ਬੀਬੀਆਂ ਨੂੰ ਬਚਾਉਂਦੇ ਅੱਗੇ ਵੱਧਦੇ ਗਏ ।

ਥੋੜ੍ਹੇ ਸਮੇਂ ਵਿੱਚ ਹੀ ਇਸ ਲਹੂ ਡੋਲਵੀਂ ਲੜਾਈ ਵਿੱਚ ਜੰਗ-ਏ-ਮੈਦਾਨ ਵਿੱਚ ਲਾਸ਼ਾਂ ਦੇ ਢੇਰ ਲੱਗ ਗਏ । ਬਹਾਦਰੀ ਨਾਲ ਲੜਨ ਵਾਲੇ ਸਿੱਖ ਸਰਦਾਰਾਂ ਦੇ ਸਰੀਰ ਤੇਜ ਹਥਿਆਰਾਂ ਨਾਲ ਵਿਨ੍ਹੇ ਗਏ । ਸ। ਆਹਲੂਵਾਲੀਆ ਤੋਂ ਇਲਾਵਾ ਸ। ਸ਼ਾਮ ਸਿੰਘ ਦੇ ਸਰੀਰਾਂ ਉੱਪਰ ਅਨੇਕਾਂ ਡੂੰਘੇ ਤੇ ਗਹਿਰੇ ਫੱਟ ਲੱਗੇ ਸਨ । ਕੁੱਪ-ਰੁਹੀੜੇ ਦੀ ਇਸ ਰਣ-ਭੂਮੀ ਵਿੱਚ ਹੋਏ ਇਸ ਘਮਸਾਨ ਦੇ ਯੁੱਧ ਵਿੱਚ 9 ਫਰਵਰੀ, 1762 ਨੂੰ ਤਕਰੀਬਨ 30-35 ਹਜ਼ਾਰ ਸਿੰਘ ਸਿੰਘਣੀਆਂ ਅਤੇ ਭੁਜੰਗੀਆਂ ਨੇ ਸ਼ਹਾਦਤ ਦਾ ਜਾਮ ਪੀਤਾ । ਕੁਝ ਇਤਿਹਾਸਕਾਰਾਂ ਮੁਤਾਬਿਕ ਇਸ ਘੱਲੂਘਾਰੇ ਵਿੱਚ ਤਕਰੀਬਨ ਅੱਧੀ ਸਿੱਖ ਕੌਮ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ । ਇਸ ਵੱਡੇ ਕੌਮੀ ਨੁਕਸਾਨ ਤੇ ਸ਼ਹੀਦੀਆਂ ਨੂੰ ਵੇਖਦਿਆਂ ਨੂੰ ਇਸ ਖ਼ੂਨੀ ਸਾਕੇ ਨੂੰ ਵੱਡੇ-ਘੱਲੂਘਾਰੇ ਵਜੋਂ ਜਾਣਿਆ ਜਾਂਦਾ ਹੈ । ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਕੁੱਪ-ਰੁਹੀੜੇ ਦੇ ਇਸ ਅਸਥਾਨ 'ਤੇ ਗੁ: ਵੱਡਾ ਘੱਲੂਘਾਰਾ ਅਤੇ ਸ਼ਹੀਦੀ ਯਾਦਗਾਰ ਨੂੰ ਵੇਖਣ ਲਈ ਅੱਜ ਵੀ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੁੰਦੀ ਹੈ । ਵੱਡੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।

ਕੋਮਲਤਾ, ਸੁਹਜ, ਸਹਿਜ, ਦ੍ਰਿੜ੍ਹਤਾ ਤੇ ਕੁਦਰਤ ਪ੍ਰੇਮੀ ਵਰਗੇ ਮਹਾਨ ਗੁਰੂ ਸੱਤਵੇਂ ਪਾਤਸ਼ਾਹ ਦੇ ਜੀਵਨ ਦਾ ਸ਼ਿੰਗਾਰ ਸਨ

# ਗੁਰੂ ਤੇਗ ਬਹਾਦਰ ਸਾਹਿਬ ਸੈਂਟਰਲ ਟਾਊਨ ਵਿਖੇ ਪ੍ਰਕਾਸ਼ ਗੁਰਪੁਰਬ ਸਮੇਂ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਨੇ ਸੰਬੋਧਨ ਕਰਦਿਆਂ ਕਹੇ

ਜਲੰਧਰ, 9 ਫਰਵਰੀ (ਆਵਾਜ਼ਿ ਕੌਮ ਬਿਊਰੋ)- ਸੈਂਟਰਲ ਟਾਊਨ ਵਿਖੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਮੌਕੇ ਗੁਰਮਤਿ ਸਮਾਗਮਾਂ ਦੀ ਚੱਲ ਰਹੀ ਲੜੀ ਦੌਰਾਨ ਬੋਲਦਿਆਂ ਉੱਘੇ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਸ. ਭਗਵਾਨ ਸਿੰਘ ਜੌਹਲ ਨੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਦੇ ਵੱਖ-ਵੱਖ ਕਾਰਜਾਂ ਸਬੰਧੀ ਵਿਚਾਰ ਸਾਂਝੇ ਕਰਦਿਆਂ ਗੁਰੂ ਸਾਹਿਬ ਦੇ ਜੀਵਨ ਦੇ ਮਹਾਨ ਗੁਣਾਂ ਕੋਮਲਤਾ, ਸੁਹਜ, ਸਹਿਜ, ਦ੍ਰਿੜ੍ਹਤਾ ਤੇ ਕੁਦਰਤੀ ਵਰਗੇ ਮਹਾਨ ਗੁਣਾਂ 'ਤੇ ਵਿਸਥਾਰ ਸਹਿਤ ਵਿਆਖਿਆ ਕੀਤੀ। ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ।



ਗੁਰਮਤਿ ਸਮਾਗਮਾਂ ਦੀ ਲੜੀ ਸਬੰਧੀ ਵਿਚਾਰਾਂ ਦੀ ਸਾਂਝ ਕੀਤੀ। ਇਸ ਮੌਕੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਸੰਗਤ ਵਿੱਚ ਉੱਘੀਆਂ ਧਾਰਮਿਕ ਹਸਤੀਆਂ ਪੁੱਜੀਆਂ ਹੋਈਆਂ ਸਨ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਚ ਹਜ਼ੂਰੀ ਰਾਗੀ ਭਾਈ ਸੁਖਜਿੰਦਰ ਸਿੰਘ ਵੱਲੋਂ ਕੀਤੇ ਗੁਰਬਾਣੀ ਕੀਰਤਨ ਨੂੰ ਸੰਗਤ ਨੇ ਮੰਤਰ-ਮੁਗਧ ਹੋ ਕੇ ਸਰਵਣ ਕੀਤਾ। ਇਸੇ ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਸ. ਭਗਵਾਨ ਸਿੰਘ ਜੌਹਲ ਅਤੇ ਭਾਈ ਸੁਖਜਿੰਦਰ ਸਿੰਘ ਨੂੰ ਸ. ਪਰਮਿੰਦਰ ਸਿੰਘ ਡਿੰਪੀ ਜਨਰਲ

ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਪਰਮਿੰਦਰ ਸਿੰਘ ਡਿੰਪੀ ਨੇ ਚੱਲ ਰਹੇ ਸਕੱਤਰ, ਸ. ਬਲਵੀਰ ਸਿੰਘ ਨੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਹੋਲੇ-ਮਹੱਲੇ ਸਬੰਧੀ ਅਹਿਮ ਨਿਰਦੇਸ਼

## ਕਿਹਾ-ਹੋਲੇ-ਮਹੱਲੇ ਨੂੰ ਹੋਲੀ ਦਾ ਰੰਗ ਨਾ ਦਿੱਤਾ ਜਾਵੇ, ਇਹ ਸਿੱਖ ਕੌਮ ਦੀ ਅਲੱਗ ਪਛਾਣ ਦਾ ਪ੍ਰਤੀਕ



**ਅੰਮ੍ਰਿਤਸਰ, 9 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਕੌਮ ਦੇ ਮਹਾਨ ਤਿਉਹਾਰ ਹੋਲੇ-ਮਹੱਲੇ ਨੂੰ ਲੈ ਕੇ ਅਹਿਮ ਅਤੇ ਸਪਸ਼ਟ ਨਿਰਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਹੈ ਕਿ ਹੋਲੇ-ਮਹੱਲੇ ਨੂੰ ਕਿਸੇ ਵੀ ਹਾਲਤ ਵਿੱਚ ਹੋਲੀ ਦੇ ਤਿਉਹਾਰ ਨਾਲ ਜੋੜ ਕੇ ਜਾਂ ਉਸਦਾ ਰੰਗ ਦੇ ਕੇ ਪੇਸ਼ ਨਾ ਕੀਤਾ ਜਾਵੇ, ਕਿਉਂਕਿ ਹੋਲੇ-ਮਹੱਲੇ ਦੀ ਆਪਣੀ ਵਿਲੱਖਣ ਇਤਿਹਾਸਕ, ਧਾਰਮਿਕ ਅਤੇ ਪੰਥਕ ਮਹੱਤਤਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਹੋਲੇ-ਮਹੱਲਾ ਸਿੱਖਾਂ ਦਾ ਅਲੱਗ ਅਤੇ ਵਿਸ਼ੇਸ਼ ਤਿਉਹਾਰ ਹੈ, ਜਿਸ ਦੀ ਸ਼ੁਰੂਆਤ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ। ਇਹ ਤਿਉਹਾਰ ਸਿੱਖਾਂ ਦੀ ਸ਼ੂਰਵੀਰਤਾ, ਸੰਗਠਨ, ਗੁਰਮਤਿ ਸਿਧਾਂਤ ਅਤੇ ਖ਼ਾਲਸਾਈ ਰੂਹ ਨੂੰ ਦਰਸਾਉਂਦਾ ਹੈ, ਜਿਸਦਾ ਹੋਲੀ ਨਾਲ ਕੋਈ ਧਾਰਮਿਕ ਸੰਬੰਧ ਨਹੀਂ।

**ਹੋਲੇ-ਮਹੱਲਾ ਗੁਰਸਿੱਖੀ ਰਵਾਇਤ ਦਾ ਪ੍ਰਤੀਕ** : ਜਥੇਦਾਰ ਗੜਗੱਜ ਨੇ ਕਿਹਾ ਕਿ ਹੋਲੇ-ਮਹੱਲੇ ਦੌਰਾਨ ਕੀਤੀਆਂ ਜਾਣ ਵਾਲੀਆਂ ਨਗਰ ਕੀਰਤਨਾਂ, ਗਤਕਾ ਪ੍ਰਦਰਸ਼ਨਾਂ, ਸ਼ਸਤਰ ਅਭਿਆਸ, ਕੀਰਤਨ ਦਰਬਾਰ ਅਤੇ ਗੁਰਮਤਿ ਸਮਾਗਮ ਸਿੱਖ ਧਰਮ ਦੀ ਅਲੱਗ ਪਛਾਣ ਨੂੰ ਪ੍ਰਗਟ ਕਰਦੇ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਇਸ ਪਵਿੱਤਰ ਤਿਉਹਾਰ ਨੂੰ ਹੋਲੀ ਨਾਲ ਜੋੜਨਾ ਜਾਂ ਉਸਦੇ ਰੰਗਾਂ ਅਤੇ ਰਸਮਾਂ ਨਾਲ ਮਿਲਾ ਕੇ ਪੇਸ਼ ਕਰਨਾ ਸਿੱਖ ਇਤਿਹਾਸ ਅਤੇ ਮਰਿਆਦਾ ਨਾਲ ਬੇਇਨਸਾਫ਼ੀ ਹੈ। ਉਨ੍ਹਾਂ ਕਿਹਾ ਕਿ ਕੁਝ ਮੀਡੀਆ ਘਰਾਣਿਆਂ ਅਤੇ ਸਮਾਜਿਕ ਮੰਚਾਂ ਵੱਲੋਂ ਹੋਲੇ-ਮਹੱਲੇ ਨੂੰ "ਸਿੱਖਾਂ ਦੀ ਹੋਲੀ" ਕਹਿ ਕੇ ਪੇਸ਼ ਕੀਤਾ ਜਾਂਦਾ ਹੈ, ਜੋ ਗਲਤ ਹੈ ਅਤੇ ਇਸ ਨਾਲ ਨਵੀਂ ਪੀੜ੍ਹੀ ਵਿੱਚ ਭ੍ਰਮ ਪੈਦਾ ਹੁੰਦਾ ਹੈ।

**ਮੀਡੀਆ, ਸੰਗਤ ਅਤੇ ਪ੍ਰਸ਼ਾਸਨ ਲਈ ਅਪੀਲ**-ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੀਡੀਆ ਨੂੰ ਅਪੀਲ ਕੀਤੀ ਕਿ ਹੋਲੇ-ਮਹੱਲੇ ਦੀ ਕਵਰੇਜ ਕਰਦਿਆਂ ਸਿੱਖ ਰਵਾਇਤਾਂ ਅਤੇ ਮਰਿਆਦਾ ਦਾ ਪੂਰਾ ਧਿਆਨ ਰੱਖਿਆ ਜਾਵੇ ਅਤੇ ਇਸਨੂੰ ਹੋਲੀ ਨਾਲ ਜੋੜ ਕੇ ਨਾ ਦਿਖਾਇਆ ਜਾਵੇ। ਨਾਲ ਹੀ ਉਨ੍ਹਾਂ ਸਿੱਖ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਅਪੀਲ ਕੀਤੀ ਕਿ ਸਮਾਗਮਾਂ ਦੌਰਾਨ ਗੁਰਮਤਿ ਅਨੁਸਾਰ ਆਚਰਨ ਕੀਤਾ ਜਾਵੇ। ਉਨ੍ਹਾਂ ਪ੍ਰਸ਼ਾਸਨ ਨੂੰ ਵੀ ਕਿਹਾ ਕਿ ਹੋਲੇ-ਮਹੱਲੇ ਦੌਰਾਨ ਸੁਰੱਖਿਆ ਅਤੇ ਪ੍ਰਬੰਧਕੀ ਇੰਤਜ਼ਾਮਾਂ ਦੇ ਨਾਲ-ਨਾਲ ਧਾਰਮਿਕ ਮਰਿਆਦਾ ਦੀ ਰੱਖਿਆ ਯਕੀਨੀ ਬਣਾਈ ਜਾਵੇ।

**ਪੰਥਕ ਹਲਕਿਆਂ ਵਿੱਚ ਬਿਆਨ ਦੀ ਚਰਚਾ**-ਜਥੇਦਾਰ ਦੇ ਇਸ ਬਿਆਨ ਤੋਂ ਬਾਅਦ ਪੰਥਕ ਹਲਕਿਆਂ ਵਿੱਚ ਇਸਦੀ ਖ਼ੂਬ ਚਰਚਾ ਹੋ ਰਹੀ ਹੈ। ਕਈ ਸਿੱਖ ਵਿਦਵਾਨਾਂ ਅਤੇ ਧਾਰਮਿਕ ਆਗੂਆਂ ਨੇ ਇਸ ਬਿਆਨ ਨੂੰ ਸਿੱਖ ਪਛਾਣ ਦੀ ਸੁਰੱਖਿਆ ਵੱਲ ਇੱਕ ਅਹਿਮ ਕਦਮ ਕਰਾਰ ਦਿੱਤਾ ਹੈ। ਮੰਨਿਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹੋਲੇ-ਮਹੱਲੇ ਦੇ ਮੌਕੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਰ ਵੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਸਕਦੇ ਹਨ।

# ਪੰਜਾਬ ਦੀਆਂ ਰਵਾਇਤੀ ਪਾਰਟੀਆਂ ਆਪਣੇ ਮੂਲ ਸਿਧਾਂਤਾਂ ਵੱਲ ਪਰਤਣ : ਪੀਰ ਮੁਹੰਮਦ

**ਚੰਡੀਗੜ੍ਹ, 9 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹੋਣ ਦੇ ਨਾਤੇ, ਕਰਨੈਲ ਸਿੰਘ ਪੀਰ ਮੁਹੰਮਦ ਨੇ ਗੱਲ ਪੰਜਾਬ ਦੀ ਦੇ ਮੰਚ ਰਾਹੀਂ ਕੁਝ ਅਹਿਮ ਮੁੱਦੇ ਚੁੱਕੇ ਹਨ। ਇੱਥੇ ਇਸ ਮੁਹਿੰਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਦਿੱਤੀ ਗਈ ਹੈ:



"ਗੱਲ ਪੰਜਾਬ ਦੀ" – ਮੁੱਖ ਨੁਕਤੇ

* ਪੰਥਕ ਅਤੇ ਰਾਜਨੀਤਿਕ ਸੁਧਾਰ: ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਦੀਆਂ ਰਵਾਇਤੀ ਪਾਰਟੀਆਂ (ਖਾਸ ਕਰਕੇ ਅਕਾਲੀ ਦਲ) ਨੂੰ ਆਪਣੇ ਮੂਲ ਸਿਧਾਂਤਾਂ ਵੱਲ ਪਰਤਣਾ ਚਾਹੀਦਾ ਹੈ।

* ਬੰਦੀ ਸਿੰਘਾਂ ਦੀ ਰਿਹਾਈ: ਇਹ ਉਨ੍ਹਾਂ ਦੇ ਏਜੰਡੇ ਦਾ ਸਭ ਤੋਂ ਅਹਿਮ ਹਿੱਸਾ ਰਿਹਾ ਹੈ। ਉਨ੍ਹਾਂ ਨੇ ਦਿੱਲੀ ਪ੍ਰੈਸ ਕਲੱਬ ਅਤੇ ਹੋਰ ਥਾਵਾਂ 'ਤੇ ਵਾਰ-ਵਾਰ ਇਸ ਮੁੱਦੇ ਨੂੰ ਕੌਮੀ ਪੱਧਰ 'ਤੇ ਉਠਾਇਆ ਹੈ।

* ਨੌਜਵਾਨ ਸ਼ਕਤੀ: "ਗੱਲ ਪੰਜਾਬ ਦੀ" ਰਾਹੀਂ ਉਹ ਨੌਜਵਾਨਾਂ ਨੂੰ ਨਸ਼ਿਆਂ ਅਤੇ ਪਰਵਾਸ ਤੋਂ ਮੋੜ ਕੇ ਪੰਜਾਬ ਦੀ ਸੇਵਾ ਵਿੱਚ ਲਗਾਉਣ ਦੀ ਗੱਲ ਕਰਦੇ ਹਨ।

ਦਿੱਲੀ ਪ੍ਰੈਸ ਕਾਨਫਰੰਸਾਂ ਦਾ ਸਾਰ (2025-26)

ਕਰਨੈਲ ਸਿੰਘ ਪੀਰ ਮੁਹੰਮਦ ਨੇ ਦਿੱਲੀ ਵਿੱਚ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਈ ਵਾਰ ਇਹ ਸਪੱਸ਼ਟ ਕੀਤਾ ਹੈ:

* ਪੰਜਾਬ ਦੀ ਖੁਦਮੁਖਤਿਆਰੀ: ਪੰਜਾਬ ਦੇ ਮਸਲੇ ਦਿੱਲੀ ਦੀਆਂ ਪਾਰਟੀਆਂ ਦੇ ਰਹਿਮੋ-ਕਰਮ 'ਤੇ ਨਹੀਂ ਛੱਡੇ ਜਾ ਸਕਦੇ।

* ਏਕਤਾ ਦੀ ਅਪੀਲ: ਉਨ੍ਹਾਂ ਨੇ ਪੰਥਕ ਧਿਰਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ ਤਾਂ ਜੋ ਪੰਜਾਬ ਦੀ ਗੁਆਚੀ ਹੋਈ ਸਿਆਸੀ ਸ਼ਕਤੀ ਨੂੰ ਬਹਾਲ ਕੀਤਾ ਜਾ ਸਕੇ।

* ਬੇਅਦਬੀ ਅਤੇ ਇਨਸਾਫ਼: ਉਹ ਲਗਾਤਾਰ ਬੇਅਦਬੀ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਅਤੇ ਇਨਸਾਫ਼ ਦੀ ਮੰਗ ਕਰਦੇ ਆ ਰਹੇ ਹਨ।

ਕੁਝ ਖਾਸ ਪ੍ਰਸ਼ਨ-ਉੱਤਰ

ਪ੍ਰਸ਼ਨ: ਕਰਨੈਲ ਸਿੰਘ ਪੀਰ ਮੁਹੰਮਦ "ਗੱਲ ਪੰਜਾਬ ਦੀ" ਰਾਹੀਂ ਕਿਸ ਤਰ੍ਹਾਂ ਦਾ ਬਦਲਾਅ ਚਾਹੁੰਦੇ ਹਨ ?

ਉੱਤਰ: ਉਹ ਚਾਹੁੰਦੇ ਹਨ ਕਿ ਪੰਜਾਬ ਦੀ ਰਾਜਨੀਤੀ ਵਿੱਚ "ਪੰਥ, ਪੰਜਾਬ ਅਤੇ ਪੰਜਾਬੀਅਤ" ਨੂੰ ਪਹਿਲ ਮਿਲੇ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਹੋਵੇ।

### ਐਕਸੀਅਨ ਦਫਤਰ ਜਗਰਾਉਂ ਵਿਖੇ

# ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ







## ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਰਬੱਤ ਦੇ ਭਲੇ ਲਈ ਉਪਰਾਲਾ ਸ਼ਲਾਘਾਯੋਗ-ਪ੍ਰੋ:ਸੁਖਵਿੰਦਰ ਸਿੰਘ

**ਜਗਰਾਉਂ (ਵਰਿਆਮ ਹਠੂਰ)**-ਸਮੂਹ ਬਿਜਲੀ ਮੁਲਾਜ਼ਮਾਂ, ਅਧਿਕਾਰੀਆਂ ਤੇ ਪੈਨਸ਼ਨਰਜ਼ ਐਸੋਸ਼ੀਏਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ ਮੁਲਾ.ਜ਼ਮਾਂ ਤੇ ਅਧਿਕਾਰੀਆਂ ਦੀ ਤੰਦਰੁਸ਼ਤੀ ਅਤੇ ਸਰਬੱਤ ਦੇ ਭਲੇ ਲਈ ਐਕਸੀਅਨ ਇੰਜ:ਗੁਰਪ੍ਰੀਤਮਹਿੰਦਰ ਸਿੰਘ ਸਿੱਧੂ ਅਤੇ ਬਿਜਲੀ ਮੁਲਾਜ਼ਮਾਂ, ਅਧਿਕਾਰੀਆਂ, ਪੈਨਸ਼ਨਰਜ਼ ਵੱਲੋਂ ਪ੍ਰਕਾਸ਼ ਕਰਵਾਏ 'ਸ੍ਰੀ ਅਖੰਡ ਪਾਠ' ਸਹਿਬ ਦੇ ਅੱਜ ਭੋਗ ਪਾਏ ਗਏ। ਇਸ ਮੌਕੇ ਭਾਈ ਰਣਜੀਤ ਸਿੰਘ ਖਾਲਸਾ ਵੱਲੋਂ ਗੁਰੂ ਸਾਹਿਬਾਂ ਵੱਲੋਂ ਬਖਸ਼ੇ ਹੁਕਮਨਾਮੇਂ ਨੂੰ ਵਿਸਥਾਰ ਪੂਰਵਕ ਸੁਣਾਇਆ ਤੇ ਵਾਹਿਗੁਰੂ ਦੀ ਰਜ਼ਾ ਵਿੱਚ ਰਹਿਣ ਅਤੇ ਸੱਚੇ ਮਾਰਗ ਤੇ ਚੱਲਣ ਦਾ ਸੁਨੇਹਾਂ ਦਿੱਤਾ। ਭਾਈ ਮਨਜਿੰਦਰ ਸਿੰਘ ਖਾਲਸਾ ਹਠੂਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਵਾਹਿਗੁਰੂ ਜੀ ਦੀ ਇਲਾਹੀ ਬਾਣੀ ਨੂੰ ਰਾਗਾਂ ਵਿੱਚ ਗਾਇਨ ਕਰਕੇ ਹਾਜ਼ਰ ਸੰਗਤਾਂ ਨੂੰ ਧਾਰਮਿੱਕ ਪ੍ਰਵਿਰਤੀ ਵਿੱਚ ਲੀਨ ਕਰ ਦਿੱਤਾ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਆਪ ਆਗੂ ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਸਮੂਹ ਬਿਜਲੀ ਮੁਲਾਜ਼ਮਾਂ, ਅਧਿਕਾਰੀਆਂ ਤੇ ਪੈਨਸ਼ਨਰਜ਼ ਐਸੋਸ਼ੀਏਸ਼ਨ ਵੱਲੋਂ ਹਰ ਸਾਲ ਗੁਰੂ ਸਾਹਿਬ ਜੀ ਦੇ ਸਤਿਕਾਰ ਵਿੱਚ ਕੀਤੇ ਜਾਂਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਸਮੂਹ ਬਿਜਲੀ ਮੁਲਾਜ਼ਮ ਬਿਜਲੀ ਦੇ ਖਤਰੇ ਤੋਂ ਕੇਵਲ ਦੋ ਇੰਚ ਦੀ ਦੂਰੀ ਤੇ ਰਹਿਕੇ ਜ਼ੋਖਮ ਭਰੇ ਕਾਰਜ ਕਰਦੇ ਹਨ ਅਤੇ ਉਸ ਵੇਲੇ ਕੇਵਲ ਵਾਹਿਗੁਰੂ ਜੀ ਦਾ ਹੀ ਓਟ ਆਸਰਾ ਹੁੰਦਾ ਹੈ। ਉਹਨਾ ਆਖਿਆ ਕਿ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਬਿਜਲੀ ਮੁਲਾਜ਼ਮਾਂ ਨੂੰ ਸਹੂਲਤ ਦੇਣ ਲਈ ਅਤੇ ਹਲਕੇ ਦੇ ਲੋਕਾਂ ਨੂੰ ਨਿਰਵਿਘਨ ਅਤੇ ਪੂਰੀ ਬਿਜਲੀ ਸਪਲਾਈ ਲਈ ਜਗਰਾਉਂ ਹਲਕੇ ਅੰਦਰ ਲਗਭਗ ਬਿਜਲੀ ਦੇ ਹੀ ਸੌ ਕਰੋੜ ਰੁਪਏ ਦੇ ਕਾਰਜ ਮੁਕੰਮਲ ਕਰਵਾਏ ਗਏ ਹਨ, ਜਿੰਨਾਂ ਵਿੱਚ 220 ਕੇਵੀ ਗਰਿੱਡ ਜਗਰਾਉਂ ਵਿਖੇ 25 ਨਵੇਂ ਬਰੇਕਰ, ਪਿੰਡ ਗਿੱਦੜਵਿੰਡੀ ਵਿਖੇ ਨਵਾਂ 66 ਕੇਵੀ ਗਰਿੱਡ ਮੰਨਜੂਰ ਕਰਵਾਕੇ ਨਿਰਮਾਣ ਕਾਰਜ ਸ਼ੁਰੂ ਕਰਵਾਇਆ ਗਿਆ, ਪਿੰਡ ਬੁਜਰਗ ਅਤੇ ਭੰਮੀਪੁਰਾ ਵਿੱਚ ਨਵੇਂ 66 ਕੇਵੀ ਗਰਿੱਡ ਮੰਨਜੂਰ ਕਰਵਾਏ ਗਏ ਅਤੇ ਪਿੰਡ ਕਾਉਂਕੇ ਕਲਾਂ ਵਿਖੇ ਵੀ ਨਵਾਂ ਗਰਿੱਡ ਬਨਾਉਣ ਲਈ ਤਜ਼ਵੀਜ਼ ਤਿਆਰ ਕਰਵਾਕੇ ਭੇਜੀ ਗਈ ਹੈ। ਇਸ ਮੌਕੇ ਕੇਂਦਰੀ ਜੋਨ ਲੁਧਿਆਣਾ ਦੇ ਮੁੱਖ ਇੰਜਨੀਅਰ ਇੰਜ:ਜਗਦੇਵ ਸਿੰਘ ਹਾਂਸ ਵੀ ਵਿਸ਼ੇਸ਼ ਤੌਰਤੇ ਹਾਜ਼ਰ ਹੋਏ ਅਤੇ ਐਕਸੀਅਨ ਇੰਜ:ਗੁਰਪ੍ਰੀਤਮਹਿੰਦਰ ਸਿੰਘ ਸਿੱਧੂ ਵੱਲੋਂ ਸਮੂਹ ਸੰਗਤਾਂ ਦਾ ਸਤਿਕਾਰ ਕਰਦਿਆਂ ਧੰਨਵਾਦ ਕੀਤਾ ਗਿਆ ਤੇ ਸਟੇਜ਼ ਦਾ ਸੰਚਾਲਨ ਪਰਮਜੀਤ ਸਿੰਘ ਚੀਮਾਂ ਵੱਲੋਂ ਬਾਖੂਬੀ ਨਿਭਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਚੀਫ਼ ਸਬਅਰਬਨ ਹਲਕਾ ਲੁਧਿਆਣਾ ਇੰਜ:ਜਸਵਿੰਦਰ ਸਿੰਘ, ਐਸ.ਈ.ਹੈਡ ਕੁਆਰਟਰ ਇੰਜ:ਜਸਪ੍ਰੀਤ ਸਿੰਘ ਸਰਾਂ, ਐਸ.ਈ.ਫਿਰੋਜ਼ਪੁਰ ਇੰਜ:ਧਰਮਪਾਲ, ਸਾਬਕਾ ਵਿਧਾਇਕ ਐਸ.ਆਰ.ਕਲੇਰ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਹਰਿੰਦਰਜੀਤ ਸਿੰਘ ਚਾਹਲ, ਐਕਸੀਅਨ ਮਨਿੰਦਰ ਕੁਮਾਰ ਲਲਤੋਂ, ਐਕਸੀਅਨ ਕੁਲਵੰਤ ਸਿੰਘ ਰਾਏਕੋਟ, ਨਗਰ ਕੌਂਸਲ ਪ੍ਰਧਾਨ ਕੰਵਰਪਾਲ ਸਿੰਘ, ਮੀਤ ਪ੍ਰਧਾਨ ਜਗਜੀਤ ਸਿੰਘ ਜੱਗੀ, ਸਾਬਕਾ ਪ੍ਰਧਾਨ ਅਮਰਜੀਤ ਸਿੰਘ ਮਾਲਵਾ, ਦੀਦਾਰ ਸਿੰਘ ਮਲਕ, ਕੌਂਸਲਰ ਸਤੀਸ਼ ਕੁਮਾਰ ਪੱਪੂ, ਸਾਜਨ ਮਲਹੋਤਰਾ, ਕੁਲਵੰਤ ਸਿੰਘ ਪੋਨਾਂ, ਲਾਡੀ ਤੂਰ ਪੰਚ, ਜਗਰੂਪ ਸਿੰਘ ਟਾਰਜਨ, ਮਾ.ਪਰਮਿੰਦਰ ਸਿੰਘ ਗਿੱਦੜਵਿੰਡੀ, ਨਿਰਭੈ ਸਿੰਘ ਅਲੀਗੜ੍ਹ, ਹਰਚਰਨ ਸਿੰਘ ਤੂਰ, ਐਡਵੋਕੇਟ ਕਰਮ ਸਿੰਘ, ਸੁਖਮਿੰਦਰ ਸਿੰਘ ਵਜਾਨੀਆਂ, ਜੁਗਿੰਦਰ ਕੁਮਾਰ ਚੀਮਨਾਂ, ਜਗਰੂਪ ਸਿੰਘ ਰੂਪਾ, ਪ੍ਰਧਾਨ ਮਨਜੀਤ ਸਿੰਘ, ਅਵਤਾਰ ਸਿੰਘ ਕਲੇਰ, ਹਰਵਿੰਦਰ ਸਿੰਘ ਸਵੱਦੀ, ਰਕੇਸ਼ ਕੁਮਾਰ ਕੱਕੜ, ਇੰਜ:ਗੁਰਵਿੰਦਰ ਸਿੰਘ ਸਿੱਧਵਾਂ ਬੇਟ, ਇੰਜ:ਗੁਰਪ੍ਰੀਤ ਸਿੰਘ ਕੰਗ, ਇੰਜ:ਗੁਰਪ੍ਰੀਤ ਸਿੰਘ ਮੱਲੀ, ਇੰਜ:ਹਰਮਨਦੀਪ ਸਿੰਘ, ਅਜਮੇਰ ਸਿੰਘ ਕਲੇਰ, ਚਰਨਜੀਤ ਸਿੰਘ ਸੋਹਲ, ਪ੍ਰਧਾਨ ਜਸਪਾਲ ਸਿੰਘ ਸਿੱਧਵਾਂ ਬੇਟ, ਰਾਜਵਿੰਦਰ ਸਿੰਘ ਲਵਲੀ, ਮੁਨੀਸ਼ ਕੁਮਾਰ, ਭੁਪਿੰਦਰਪਾਲ ਸਿੰਘ ਬਰਾੜ, ਧਰਮਪਾਲ ਛੱਜਾਵਾਲ, ਮਨਦੀਪ ਸਿੰਘ, ਜਗਦੀਪ ਸਿੰਘ ਲੱਖਾ, ਦਲਜੀਤ ਸਿੰਘ ਜੇਈ, ਮਨਪ੍ਰੀਤ ਸਿੰਘ ਜੇਈ, ਜਗਜੀਵਨ ਸਿੰਘ ਜੇਈ, ਬਲਜੀਤ ਸਿੰਘ ਭੱਟੀ, ਸੁਖਵਿੰਦਰ ਸਿੰਘ ਕਾਕਾ ਜੇਈ, ਗੁਰਿੰਦਰ ਸਿੰਘ ਡਾਂਗੀਆਂ, ਪਵਨ ਕੁਮਾਰ ਜੇਈ, ਬੂਟਾ ਸਿੰਘ ਮਲਕ, ਪ੍ਰਧਾਨ ਸੰਜੇ ਕੁਮਾਰ ਬੱਬਾ, ਨਛੱਤਰ ਸਿੰਘ ਚਚਰਾੜੀ, ਜਗਤਾਰ ਸਿੰਘ ਮਲਕ, ਕੁਲਦੀਪ ਸਿੰਘ ਮਲਕ, ਮਨਜੀਤ ਸਿੰਘ ਸਵੱਦੀ, ਬਲਜੀਤ ਸਿੰਘ ਜੇਈ, ਪ੍ਰਧਾਨ ਬਲਦੇਵ ਸਿੰਘ, ਮੇਹਰ ਸਿੰਘ ਮਲਕ, ਹਰਚੰਦ ਸਿੰਘ, ਰਾਜੀਵ ਕੁਮਾਰ, ਬਲਵੰਤ ਸਿੰਘ ਲੋਹਟ, ਸੁਖਦੇਵ ਗਰਗ, ਰਮਿੰਦਰਜੀਤ ਸਿੰਘ, ਕੁਲਦੀਪ ਸਿੰਘ ਰਾਮਗੜ੍ਹ ਆਦਿ ਵੀ ਹਾਜ਼ਰ ਸਨ।

### ਕੈਬਨਿਟ ਮੰਤਰੀ ਪੰਜਾਬ ਨੇ ਵਿਕਾਸ ਕਾਰਜਾਂ ਨੂੰ ਲੈ ਕੇ ਜਿਲਾ ਪ੍ਰਸ਼ਾਸਨ ਨਾਲ ਕੀਤੀ ਰਿਵਿਊ ਮੀਟਿੰਗ

# ਹੜ ਪ੍ਰਭਾਵਿਤ ਖੇਤਰਾਂ ਵਿੱਚ ਹੋਏ ਨੁਕਸਾਨ, ਸੜਕਾਂ ਦੇ ਨਿਰਮਾਣ ਅਤੇ ਜ਼ਿਲ੍ਹੇ ਦੇ ਹੋਰ ਵਿਕਾਸ ਕਾਰਜਾਂ ਦਾ ਕੀਤਾ ਰਿਵਿਊ

**ਪਠਾਨਕੋਟ ,9 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਿੱਢੀ ਗਈ ਮੁਹਿੰਮ ਤਹਿਤ ਅੱਜ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਠਾਨਕੋਟ ਵਿਖੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਇੱਕ ਰਿਵਿਊ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਪਠਾਨਕੋਟ ਡਾ. ਪੱਲਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ, ਹੜ੍ਹ ਰੋਕੂ ਪ੍ਰਬੰਧਾਂ ਅਤੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ.ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਵਿਕਾਸ ਕਾਰਜਾਂ ਵਿੱਚ ਹਾਂਜੀ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਲੋਕ ਨਿਰਮਾਣ ਵਿਭਾਗ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੀਆਂ ਜਿੰਨੀਆਂ ਵੀ ਲਿੰਕ ਰੋਡਜ਼ ਅਤੇ ਮੁੱਖ ਸੜਕਾਂ ਦਾ ਨਿਰਮਾਣ ਅਧੂਰਾ ਹੈ, ਉਨ੍ਹਾਂ ਨੂੰ 31 ਮਾਰਚ ਤੱਕ ਮੁਕੰਮਲ ਕੀਤਾ ਜਾਵੇ। ਉਹਨਾਂ ਕਿਹਾ ਕਿ ਪਿਛਲੇ ਸਾਲ ਆਏ ਹੜ੍ਹਾਂ ਦੌਰਾਨ ਰਾਵੀ ਦਰਿਆ ਦੀ ਧੁੱਸੀ (ਬੰਨ੍ਹ) ਨੂੰ ਜੋ ਨੁਕਸਾਨ ਹੋਇਆ ਹੈ ਪੰਜਾਬ ਸਰਕਾਰ ਸਰਹੱਦੀ ਇਲਾਕਿਆਂ ਦੀ ਸੁਰੱਖਿਆ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਧੁੱਸੀ ਦੇ ਨਿਰਮਾਣ ਦਾ ਕੰਮ ਜਲਦ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਜੋ ਆਉਣ ਵਾਲੇ ਬਰਸਾਤੀ ਸੀਜ਼ਨ ਦੌਰਾਨ ਕਿਸਾਨਾਂ ਦੀਆਂ ਫਸਲਾਂ ਅਤੇ ਲੋਕਾਂ ਦੇ ਜਾਨ-ਮਾਲ ਦਾ ਕੋਈ ਨੁਕਸਾਨ ਨਾ ਹੋਵੇ। ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਕਾਸ ਕਾਰਜਾਂ ਲਈ ਵਰਤੀ ਜਾਣ ਵਾਲੀ ਸਮੱਗਰੀ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਪੰਜਾਬ ਸਰਕਾਰ ਦਾ ਮੁੱਖ ਮਕਸਦ ਜਨਤਾ ਦੇ ਟੈਕਸ ਦਾ ਇੱਕ-ਇੱਕ ਪੈਸਾ ਇਮਾਨਦਾਰੀ ਨਾਲ ਵਿਕਾਸ ਕਾਰਜਾਂ 'ਤੇ ਖਰਚ ਕਰਨਾ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਨਿਰਦੇਸ਼ ਦਿੱਤੇ ਕਿ ਚੱਲ ਰਹੇ ਕੰਮਾਂ ਦੀ ਅਚਨਚੇਤ ਚੈਕਿੰਗ ਲਈ ਟੀਮਾਂ ਗਠਿਤ ਕੀਤੀਆਂ ਜਾਣ। ਇਸ ਤੋਂ ਇਲਾਵਾ ਮੀਟਿੰਗ ਦੌਰਾਨ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਗਈ ਕਿ ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਪਹਿਲ ਦੇ ਅਧਾਰ 'ਤੇ ਕੀਤਾ ਜਾਵੇ। ਸਰਕਾਰ ਦਾ ਉਦੇਸ਼ ਪ੍ਰਸ਼ਾਸਨ ਨੂੰ ਲੋਕਾਂ ਦੀਆਂ ਬਰੂਹਾਂ ਤੱਕ ਲੈ ਕੇ ਜਾਣਾ ਹੈ। ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਕੈਬਨਿਟ ਮੰਤਰੀ ਨੂੰ ਯਕੀਨ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਪਠਾਨਕੋਟ ਸਰਕਾਰ ਦੀਆਂ ਭਲਾਈ ਸਕੀਮਾਂ ਅਤੇ ਵਿਕਾਸ ਪ੍ਰੋਜੈਕਟਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗੀ ਮੁਖੀਆਂ ਨੂੰ ਸਮਾਂ ਸੀਮਾ ਅੰਦਰ ਕੰਮ ਪੂਰੇ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵ ਸ਼੍ਰੀ ਸਵਰਨ ਸਲਾਰੀਆ ਚੇਅਰਮੈਨ ਰਾਜਪੂਤ ਕਲਿਆਣ ਬੋਰਡ, ਅਮਨਦੀਪ ਸੰਧੂ ਜ਼ਿਲ੍ਹਾ ਪ੍ਰਧਾਨ, ਸੌਰਭ ਬਹਿਲ ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ, ਭੁਪਿੰਦਰ ਸਿੰਘ ਮੁੰਨਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਨਰੇਸ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ, ਪਵਨ ਕੁਮਾਰ ਫੌਜੀ ਬਲਾਕ ਸੰਮਤੀ ਮੈਂਬਰ, ਸੰਜੀਵ ਸ਼ਰਮਾ ਵਧੀਕ ਡਿਪਟੀ ਕਮਿਸ਼ਨਰ ਪਠਾਨਕੋਟ, ਰਕੇਸ਼ ਮੀਨਾ ਐਸਡੀਐਮ ਪਠਾਨਕੋਟ, ਸੁਮਿਤ ਮੁੱਦ ਐਸਡੀਐਮ ਧਾਰਕਲਾਂ, ਵਿਕਰਮਜੀਤ ਸਹਾਇਕ ਕਮਿਸ਼ਨਰ ਜਰਨਲ ਅਤੇ ਹੋਰ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਹਾਜ਼ਰ ਸਨ।

# 10 ਲੱਖ ਤੱਕ ਦਾ ਮੁਫ਼ਤ ਇਲਾਜ ਨਾਲ ਬਚਣਗੀਆਂ ਲੱਖਾਂ ਲੋਕਾਂ ਦੀਆਂ ਜਿੰਦਗੀਆ : ਪ੍ਰਿੰਸ ਅਨੇਜਾ ,ਰਣਜੀਤ ਸਿੰਘ ਭਗਤ

**ਚੌਂਕ ਮਹਿਤਾ,9 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਦੇ ਲੋਕਾਂ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਹਰ ਇੱਕ ਵਿਅਕਤੀ ਨੂੰ ਮਿਲੇਗਾ। ਇਸ ਸਕੀਮ ਨਾਲ ਲੱਖਾ ਲੋਕਾਂ ਦੀਆਂ ਜਿੰਦਗੀਆ ਬਚ ਸਕਣਗੀਆਂ ਕਿਉਂਕਿ ਗਰੀਬ ਲੋਕ ਮਹਿੰਗੇ ਇਲਾਜ ਕਾਰਨ ਆਪਣਾ ਇਲਾਜ ਨਹੀ ਕਰਵਾ ਸਕਦੇ ਸਨ ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਜਾਦੀ ਸੀ ਹੁਣ ਸਰਕਾਰ ਦੀ ਇਸ ਸਕੀਮ ਨਾਲ ਲੱਖਾਂ ਜਿੰਦਗੀਆਂ ਬਚਣਗੀਆਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉਮੀਦ ਵੈਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਪ੍ਰਿੰਸ ਅਨੇਜਾ ਅਤੇ ਪੰਜਾਬ ਪ੍ਰਧਾਨ ਰਣਜੀਤ ਸਿੰਘ ਭਗਤ ਨੇ ਕੁੱਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਕੀਮ ਜੋ ਲੋਕਾਂ ਦੇ ਭਲੇ ਲਈ ਚਲਾਈ ਗਈ ਹੈ ਇਸ ਦੀ ਪਿੰਡਾਂ ਅਤੇ ਸਹਿਰਾਂ ਵਿੱਚ ਸਲਾਘਾ ਕੀਤੀ ਜਾ ਰਹੀ ਹੈ ਕਿਉਕਿ ਕਿ ਇਹ ਸਕੀਮ ਹਰ ਇੱਕ ਵਿਅਕਤੀ ਲਈ ਚਲਾਈ ਗਈ ਹੈ ਚਾਹੇ ਕੋਈ ਗਰੀਬ ਹੈ ਜਾਂ ਅਮੀਰ ਇਸ ਦਾ ਹਰ ਇੱਕ ਵਿਅਕਤੀ ਲਾਭ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਕੋਈ ਆਮਦਨ ਦੀ ਪਾਬੰਦੀ ਜਾਂ ਉਮਰ ਸੀਮਾ ਨਹੀਂ ਹੈ।





# ਪ੍ਰੋ ਭੁੱਲਰ ਦੀ ਰਿਹਾਈ ਨੂੰ ਦਿੱਲੀ ਐਸਆਰਬੀ ਨੇ ਮੁੜ ਕੀਤਾ ਰੱਦ

ਨਵੀਂ ਦਿੱਲੀ 9 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਪੰਥਕ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ (ਐਸਆਰਬੀ) ਨੇ ਪ੍ਰੋ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ, ਜੋ ਇਸ ਸਮੇਂ ਸ੍ਰੀ ਅੰਮ੍ਰਿਤਸਰ ਦੇ ਗੁਰੂ ਨਾਨਕ ਅਸਪਤਾਲ ਵਿਚ ਪੁਲਿਸ ਨਿਗਰਾਨੀ ਹੇਠ ਇਲਾਜ ਅਧੀਨ ਹਨ। ਉਨ੍ਹਾਂ ਦਸਿਆ ਕਿ ਇਸ ਬਾਰੇ ਬੀਤੀ 23 ਦਸੰਬਰ ਨੂੰ ਇਹ ਨਮੋਸ਼ੀ ਭਰਿਆ ਫ਼ੈਸਲਾ ਲਿਆ ਗਿਆ ਸੀ । ਉਨ੍ਹਾਂ ਦਸਿਆ ਕਿ ਦਿੱਲੀ ਦੇ ਅਧਿਕਾਰੀਆਂ ਦੀ ਅਗਵਾਈ ਹੇਠ ਐਸਆਰਬੀ ਨੇ 23 ਦਸੰਬਰ ਨੂੰ 51 ਉਮਰ ਕੈਦੀਆਂ ਦੇ ਮਾਮਲਿਆਂ 'ਤੇ ਵਿਚਾਰ ਕਰਨ ਲਈ ਮੀਟਿੰਗ ਕੀਤੀ, ਜਿਨ੍ਹਾਂ ਨੇ ਆਪਣੀ ਸਜ਼ਾ ਵਿੱਚ ਛੋਟ ਦੀ ਮੰਗ ਕੀਤੀ ਸੀ। ਐਸਆਰਬੀ ਨੇ ਪ੍ਰੋ ਭੁੱਲਰ ਸਮੇਤ ਹੋਰਾਂ ਨੂੰ ਰੱਦ ਕਰਦੇ ਹੋਏ 26 ਦੋਸ਼ੀਆਂ ਨੂੰ ਰਿਹਾਅ ਕਰਨ ਦਾ ਫੈਸਲਾ ਕੀਤਾ। ਇਥੇ ਦਸਣਯੋਗ ਹੈ ਕਿ ਪ੍ਰੋ ਭੁੱਲਰ ਪਿਛਲੇ 33 ਸਾਲਾ ਤੋਂ ਜੇਲ੍ਹ ਦੀ ਸਜ਼ਾ ਭੁਗਤ ਰਹੇ ਹਨ ਤੇ ਐਸਆਰਬੀ ਵਲੋਂ ਜਿਹੜੇ 26 ਦੋਸ਼ੀਆਂ ਨੂੰ ਰਿਹਾਅ ਕਰਣ ਦੇ ਆਦੇਸ਼ ਦਿੱਤੇ ਹਨ ਉਨ੍ਹਾਂ ਵਿੱਚੋਂ ਬਹੁਤਿਆਂ ਨੇ 20 ਸਾਲ ਤੋਂ ਵੀ ਘੱਟ ਸਮਾਂ ਜੇਲ੍ਹ ਅੰਦਰ ਬਤੀਤ ਕੀਤਾ ਹੈ । 2019 ਤੋਂ ਬਾਅਦ ਇਹ ਨੌਵੀਂ ਵਾਰ ਸੀ ਜਦੋਂ ਪ੍ਰੋ ਭੁੱਲਰ ਦੀ ਪਟੀਸ਼ਨ ਨੂੰ ਬੋਰਡ ਨੇ ਰੱਦ ਕਰ ਦਿੱਤਾ ਹੈ । ਦਿੱਲੀ ਹਾਈ ਕੋਰਟ ਵਿਚ ਚਲ ਰਹੇ ਇਸ ਮਾਮਲੇ ਦੀ ਅਗਲੀ ਸੁਣਵਾਈ 13 ਫਰਵਰੀ ਨੂੰ ਹੋਵੇਗੀ ।



# ਪ੍ਰੋ. ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਖਾਰਿਜ਼ ਕਰਕੇ ਬੰਦੀ ਸਿੰਘਾਂ ਮਾਮਲੇ 'ਚ ਭਾਜਪਾ ਨੇ ਫੜਿਆ ਆਪ ਦਾ ਰਾਹ : ਸਰਨਾ

ਨਵੀਂ ਦਿੱਲੀ 9 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਐਸਆਰਬੀ ਵਲੋਂ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਖਾਰਿਜ਼ ਕਰ ਦਿੱਤਾ ਹੈ । ਇਸ ਬਾਰੇ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਸਰਨਾ ਨੇ ਕਿਹਾ ਜਿਹੜੀ ਭਾਜਪਾ ਸਰਕਾਰ ਸਿੱਖਾਂ ਨਾਲ ਨੇੜਤਾ ਬਣਾਉਣ ਦੀ ਕੋਸ਼ਿਸ਼ਾਂ ਕਰਣ ਦੇ ਦਾਹਵੇ ਕਰਦੀ ਹੈ ਓਸ ਦੀ ਕਥਨੀ ਅਤੇ ਕਰਣੀ ਵਿਚ ਬਹੁਤ ਫਰਕ ਹੈ ਜਿਸ ਦੀ ਪ੍ਰਤੱਖ ਮਿਸਾਲ ਪ੍ਰੋ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਖਾਰਿਜ਼ ਕਰਣਾ ਹੈ । ਉਨ੍ਹਾਂ ਕਿਹਾ ਜੋ ਕੰਮ ਆਪ ਸਰਕਾਰ ਕਰਦੀ ਆ ਰਹੀ ਸੀ ਹੁਣ ਭਾਜਪਾ ਸਰਕਾਰ ਕਰ ਰਹੀ ਹੈ । ਉਨ੍ਹਾਂ ਭਾਜਪਾ ਦੇ ਸਿੱਖ ਮੰਤਰੀਆਂ ਅਤੇ ਦਿੱਲੀ ਕਮੇਟੀ ਦੇ ਪ੍ਰਬੰਧਕਾਂ ਨੂੰ ਘੇਰਦਿਆਂ ਕਿਹਾ ਕਿ ਤੁਸੀਂ ਜਿਤਨੀ ਮਰਜੀ ਇੰਨ੍ਹਾ ਨਾਲ ਨੇੜਤਾ ਬਣਾ ਲਵੋ ਪਰ ਇੰਨ੍ਹਾ ਦੇ ਫੈਸਲੇ ਸਿੱਖਾਂ ਵਿਰੁੱਧ ਹੀ ਹੁੰਦੇ ਹਨ। ਉਨ੍ਹਾਂ ਕਿਹਾ ਭਾਜਪਾ ਦਾ ਸਿੱਖ ਮੰਤਰੀ ਜੋ ਵੱਡੇ ਵੱਡੇ ਦਾਹਵੇ ਕਰਦਾ ਹੁੰਦਾ ਸੀ ਹੁਣ ਇਸ ਮਾਮਲੇ ਵਿਚ ਆਪਣਾ ਪੱਖ ਰੱਖਣ ਜਿਸ ਨਾਲ ਪੰਥ ਨੂੰ ਪਤਾ ਲਗ ਸਕੇ ਕਿ ਭਾਜਪਾ ਵੀ ਸਿੱਖ ਮਸਲਿਆਂ ਉਪਰ ਆਪ ਦੇ ਰਾਹ ਤੇ ਤੁਰੀ ਹੋਈ ਹੈ ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਮਹਾਰਾਸ਼ਟਰ ਸਰਕਾਰ ਵਲੋਂ ਮੁੰਬਈ ਵਿਖੇ

# ਤੀਸਰੇ ਪੜਾਅ ਦੇ ਸ਼ਹੀਦੀ ਸ਼ਤਾਬਦੀ ਸਮਾਗਮ ਦੀਆਂ ਤਿਆਰੀਆਂ ਸ਼ੁਰੂ




**ਚੌਕ ਮਹਿਤਾ,9 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਹਾਰਾਸ਼ਟਰ ਵਿਖੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਵਿਸ਼ੇਸ਼ ਸਹਿਯੋਗ ਨਾਲ ਦਮਦਮੀ ਟਕਸਾਲ ਮੁਖੀ ਤੇ ਸੰਤ ਸਮਾਜ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ‘ਹਿੰਦ ਦੀ ਚਾਦਰ’ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮਹਾਂਰਾਸ਼ਟਰ ਵਿਖੇ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਜਾਣ ਦੇ ਦੋ ਪੜਾਅ ਮੁਕੰਮਲ ਹੋਣ ਤੋਂ ਬਾਅਦ ਹੁਣ ਤੀਸਰੇ ਪੜਾਅ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ।ਨਾਗਪੁਰ ਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਬਾਅਦ ਅਗਲਾ ਦੋ ਦਿਨਾਂ ਸ਼ਹੀਦੀ ਸ਼ਤਾਬਦੀ ਸਮਾਗਮ ਉਵੇ ਮੈਦਾਨ ਖਾਰਘਰ ਨਵੀਂ ਮੁੰਬਈ ਵਿਖੇ ਰੱਖੇ ਗਏ ਹਨ,ਜੋ 28 ਫਰਵਰੀ ਦਿਨ ਸ਼ਨੀਵਾਰ ਤੇ 01 ਮਾਰਚ ਦਿਨ ਐਤਵਾਰ ਨੂੰ ਰਾਜ ਪੱਧਰ ‘ਤੇ ਮਨਾਏ ਜਾਣਗੇ। ਮਹਾਰਾਸ਼ਟਰ ਸਰਕਾਰ ਵੱਲੋਂ ਵਿਸ਼ੇਸ਼ ਤੌਰ ‘ਤੇ ਗਠਿਤ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਤੇ ਮੁੱਖ ਮੰਤਰੀ ਮਹਾਰਾਸ਼ਟਰਾ ਰਾਹਤ ਫੰਡ ਦੇ ਇੰਚਾਰਜ ਸ੍ਰੀ ਰਾਮੇਸ਼ਵਰ ਨਾਇਕ ਦੀ ਅਗਵਾਈ ਹੇਠ ਅੱਜ ਤੀਸਰੇ ਪੜਾਅ ਦੇ ਸ਼ਹੀਦੀ ਸਮਾਗਮਾਂ ਲਈ ਲਗਾਏ ਜਾ ਰਹੇ ਪੰਡਾਲ ਦੇ ਨਿਰਮਾਣ ਕਾਰਜ ਤੋਂ ਪਹਿਲਾਂ ਅਰਦਾਸ ਸਮਾਗਮ(ਭੂਮੀ ਪੂਜਨ) ਰੱਖਿਆ ਗਿਆ,ਜਿਸ ਵਿੱਚ ਮਹਾਂਰਾਸ਼ਟਰ ਸਰਕਾਰ ਦੇ ਪ੍ਰਤੀਨਿਧੀ,ਸੰਤ ਮਹਾਂਪੁਰਸ਼ ਤੇ ਪ੍ਰਸ਼ਾਸ਼ਿਨਕ ਅਧਿਕਾਰੀਆਂ ਨੇ ਭਾਗ ਲਿਆ। ਇਸ ਦੌਰਾਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ ਕਰਦੇ ਹੋਏ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਮਹਾਂਰਾਸ਼ਟਰ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਬੜੀ ਸ਼ਰਧਾ,ਲਗਨ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਮਹਾਰਾਸ਼ਟਰ ਵਿਖੇ 8 ਦਸੰਬਰ ਨੂੰ ਨਾਗਪੁਰ ਤੇ 24-25 ਜਨਵਰੀ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸੰਪੂਰਨ ਹੋਏ ਇਤਿਹਾਸਕ ਸਮਾਗਮਾਂ ਤੋਂ ਬਾਅਦ ਅਗਲੇ ਸਮਾਗਮ ਖਾਰਗਰ ਵਿਖੇ ਆਯੋਜਿਤ ਕੀਤੇ ਜਾ ਰਹੇ ਹਨ,ਜਿਸ ਦੌਰਾਨ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨੇਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਉਚੇਚੇ ਤੌਰ ‘ਤੇ ਸ਼ਾਮਿਲ ਹੋਣਗੇ,ਜਿੰਨ੍ਹਾਂ ਨਾਲ ਹੋਰ ਵੀ ਬਹੁਤ ਸਾਰੀਆਂ ਅਹਿਮ ਧਾਰਮਿਕ,ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤਾਂ ਹਾਜ਼ਰੀ ਭਰਨਗੀਆ।ਦਮਦਮੀ ਟਕਸਾਲ ਮੁਖੀ ਨੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੁਰੂ ਸਾਹਿਬ ਤੇ ਉਨ੍ਹਾਂ ਨਾਲ ਸ਼ਹੀਦ ਹੋਏ ਭਾਈ ਮਤੀ ਦਾਸ,ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਅਮੁੱਲੀ ਸ਼ਹਾਦਤ ਪ੍ਰਤੀ ਸਤਿਕਾਰ ਰੱਖਦੇ ਹੋਏ ਇੰਨ੍ਹਾਂ ਦੋ ਦਿਨਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ ‘ਚ ਜ਼ਰੂਰ ਸ਼ਾਮਿਲ ਹੋਣ। ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਰਾਮੇਸ਼ਵਰ ਨਾਇਕ ਨੇ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਤੇ ਵਿਸ਼ੇਸ਼ ਤੌਰ ‘ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇੰਨ੍ਹਾਂ ਦੇ ਸਹਿਯੋਗ ਤੋਂ ਬਿੰਨ੍ਹਾਂ ਇਹ ਸਮਾਗਮ ਅਯੋਜਿਤ ਕੀਤੇ ਜਾਣਾ ਬਹੁਤ ਕਠਿਨ ਕਾਰਜ ਸੀ,ਪਰ ਬਾਬਾ ਹਰਨਾਮ ਸਿੰਘ ਖਾਲਸਾ ਦੇ ਸ਼ਤਾਬਦੀ ਸਮਾਗਮਾਂ ਪ੍ਰਤੀ ਅਥਾਹ ਸ਼ਰਧਾਂ ਤੇ ਉਤਸ਼ਾਹ ਨੂੰ ਦੇਖਦੇ ਹੋਏ ਗੁਰੂ ਸਾਹਿਬ ਨੇ ਆਪ ਅੱਗੇ ਹੋ ਕੇ ਉਨ੍ਹਾਂ ਤੋਂ ਇਹ ਸੇਵਾ ਲਈ ਹੈ ।ਅੱਜ ਬਾਬਾ ਜੀ ਦੇ ਵੱਡੇ ਉਪਰਾਲੇ ਸਦਕਾ 350 ਸ਼ਤਾਬਦੀ ਸਮਾਗਮਾਂ ਨੂੰ ਬਹੁਤ ਹੀ ਵਿਸ਼ਾਲਤਾ ਨਾਲ ਮਨਾਇਆ ਜਾ ਰਿਹਾ ਹੈ।

> **ਸੰਤ ਗਿ.ਹਰਨਾਮ ਸਿੰਘ ਖਾਲਸਾ ਦੀ ਅਗਵਾਈ ’ਚ ਹੋ ਰਹੇ ਸਮਾਗਮਾਂ ਦੌਰਾਨ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਸ਼ਾਹ ਹੋਣਗੇ ਸ਼ਾਮਿਲ**

ਇਸ ਮੌਕੇ ਚੇਅਰਮੈਚ ਸੱਚਖੰਡ ਬੋਰਡ ਵਿਜੇ ਸਤਬੀਰ,ਐੱਮ.ਡੀ.ਸਿਡਕੋ ਸ੍ਰੀ ਵਿਜੇ ਸਿੰਘਾਲ,ਡਿਵਿਜ਼ਨ ਕਮਿਸ਼ਨਰ ਸ੍ਰੀ ਵਿਜੇ ਸੂਰਯਵੰਸ਼ੀ, ਨਵੀਂ ਮੁੰਬਈ ਪੁਲਸ ਕਮਿਸ਼ਨਰ ਮਿਲੰਦ ਬਾਰੰਬੇ,ਕੁਲੈਕਟਰ ਥਾਣੇ ਸ੍ਰੀ ਕ੍ਰਿਸ਼ਨਾ ਪੰਚਾਲ,ਮਿਉਸੀਪਲ ਕਾਰਪੋਰੇਸ਼ਨ ਨਵੀਂ ਮੁੰਬਈ ਕਮਿਸ਼ਨਰ ਸ੍ਰੀ ਕੈਲਾਸ਼ ਸ਼ਿੰਦੇ,ਸ੍ਰੀ ਵਿਜੇ ਸਤਬੀਰ ਸਿੰਘ ਚੇਅਰਮੈਨ ਸ੍ਰੀ ਹਜ਼ੂਰ ਸਾਹਿਬ ਸੱਚਖੰਡ ਬੋਰਡ, ਭਾਈ ਜਸਪਾਲ ਸਿੰਘ ਸਿੱਧੂ ਚੇਅਰਮੈਨ ਸੁਪਰੀਮ ਕੌਂਸਲ ਨਵੀਂ ਮੁੰਬਈ ਗੁਰਦੁਆਰਾ,ਭਾਈ ਚਰਨਦੀਪ ਸਿੰਘ ਹੈਪੀ ਮੈਂਬਰ ਮਨਓਰਟੀ ਕਮਿਸ਼ਨ ਮਹਾਂਰਾਸ਼ਟਰ ਸਰਕਾਰ, ਗੁਰੁਦਆਰਾ ਸ੍ਰੀ ਖਾਰਗਰ ਪ੍ਰਧਾਨ ਭਾਈ ਪਰਮਜੀਤ ਸਿੰਘ, ਪ੍ਰਧਾਨ ਅਮਰਪਾਲ ਸਿੰਘ ਰੰਧਾਵਾ, ਦਮਦਮੀ ਟਕਸਾਲ ਤੋਂ ਗਿਆਨੀ ਸਾਹਬ ਸਿੰਘ,ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ.ਅਵਤਾਰ ਸਿੰਘ ਬੁੱਟਰ ਆਦਿ ਮੌਜੂਦ ਸਨ।

### ਡਰੀਮ ਸਿਟੀ ਨੈਕਸਟ ਜੀ ਟੀ ਰੋਡ ਮਾਨਾਵਾਲਾ ਵਿਖੇ ਪ੍ਰੋ : ਅਵਤਾਰ ਸਿੰਘ ਨਾਜ਼ ਜੀ ਨੂੰ ਸਮਰਪਿਤ

# ਰਾਗ ਦਰਬਾਰ ਕਰਵਾਇਆ ਗਿਆ-ਭਾਈ ਗੁਰਦੇਵ ਸਿੰਘ ਕੋਹਾੜਕਾ



**ਜੰਡਿਆਲਾ ਗੁਰੂ, 9 ਫਰਵਰੀ( ਕੁਲਵੰਤ ਸਿੰਘ ਵਿਰਦੀ )**-ਡਰੀਮ ਸਿਟੀ ਨੈਕਸਟ ਜੀ ਟੀ ਰੋਡ ਮਾਨਾਵਾਲਾ ਵਿਖੇ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਕੋਹਾੜਕਾ ਜੀ ਵੱਲੋਂ ਉਸਤਾਦ ਪ੍ਰੋ :ਅਵਤਾਰ ਸਿੰਘ ਨਾਜ਼ ਜੀ ਨੂੰ ਸਮਰਪਿਤ “ ਰਾਗ ਦਰਬਾਰ “ ਕਰਵਾਇਆ ਗਿਆ ।ਪ੍ਰੋ ਨਾਜ਼ ਇਕ ਅਜਿਹੀ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਤਕਰੀਬਨ ਜ਼ਿੰਦਗੀ ਦੇ 65 ਸਾਲ ਸੰਗੀਤ ਸਿਖਾਉਣ ਦੀ ਸੇਵਾ ਕੀਤੀ ।ਉੱਨਾਂ ਦੇ ਸਿਖਾਏ ਕੀਰਤਨੀਏ ਵਿੱਚੋਂ ਪਦਮਸ਼੍ਰੀ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ , ਪਦਮਸ਼੍ਰੀ ਭਾਈ ਨਿਰਮਲ ਸਿੰਘ ਜੀ ਖਾਲਸਾ, ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ, ਭਾਈ ਗੁਰਦੇਵ ਸਿੰਘ ਜੀ ਕੋਹਾੜਕਾ ਹਜ਼ੂਰੀ ਰਾਗੀ ਅਤੇ ਹੋਰ ਅਨੇਕਾਂ ਵਿਦਵਾਨ ਕੀਰਤਨੀਏ ਪੰਥ ਦੀ ਝੋਲੀ ਵਿੱਚ ਪਾਏ। ਸਮਾਗਮ ਦੀ ਆਰੰਭਤਾ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪ੍ਰੰਤ ਹੋਈ ।ਉੱਘੇ ਸੰਗੀਤਕਾਰਾਂ ਵੱਲੋਂ ਚੱਲ ਰਹੇ ਬਸੰਤ ਰਾਗ ਦੀਆਂ ਮਧੁਰ ਧੁਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ।ਪੰਡਿਤ ਸਿਧਾਰਥ ਚੈਟਰਜੀ , ਉਸਤਾਦ ਦੀਪਿਨ ਰਾਜ ਜੀ ਵੱਲੋਂ ਵਿਸ਼ੇਸ਼ ਕਰਕੇ ਨਿਰਧਾਰਤ ਰਾਗਾਂ ਵਿਚ ਕੀਰਤਨ ਰਾਹੀ ਹਾਜ਼ਰੀ ਭਰੀ । ਸਮਾਗਮ ਦੌਰਾਨ ਭਾਈ ਨਿਸ਼ਾਨ ਸਿੰਘ ਜੀ ਅਸਟ੍ਰੇਲੀਆ, ਪਦਮਸ਼੍ਰੀ ਭਾਈ ਨਿਰਮਲ ਸਿੰਘ ਜੀ ਖ਼ਾਲਸਾ ਦੇ ਭਰਾਤਾ ਭਾਈ ਜਸਬੀਰ ਸਿੰਘ ਖਾਲਸਾ , ਭਾਈ ਇਕਬਾਲ ਸਿੰਘ ਜੀ ਮਨਾਵਾਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਪਰਮਪਾਲ ਸਿੰਘ ਜੀ (ਅਮਰੀਕਾ ਵਾਲੇ )ਭਾਈ ਹਰਵਿੰਦਰੀਤ ਸਿੰਘ ਜੀ ਜ਼ਹੂਰਾ , ਅਤੇ ਬੱਚੀ ਦਸਮੀਨ ਕੌਰ ਜੀ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ।ਪਹੁੰਚੇ ਪਤਵੰਤਿਆਂ ਵਿਚ ਪ੍ਰਿਸੀਪਲ ਅਤੇ ਡਾਇਰੈਕਟਰ ਡ: ਧਰਮਵੀਰ ਸਿੰਘ ਜੀ ਚੀਫ ਖਾਲਸਾ ਦੀਵਾਨ (ਜਵਾਈ ਪ੍ਰੋ : ਨਾਜ਼ ਸਾਹਿਬ ਜੀ ) ਭਾਈ ਭੁਪਿੰਦਰ ਸਿੰਘ ਜੀ (ਸਪੁੱਤਰ ਪ੍ਰੋ ਨਾਜ਼ ਸਾਹਿਬ ਜੀ ) ਬੀਬੀ ਅਮਰਪਾਲੀ ਕੌਰ ਜੀ (ਸਪੁੱਤਰੀ ਪ੍ਰੋ ਨਾਜ਼ ਸਾਹਿਬ ਜੀ) ਵਿਸ਼ੇਸ਼ ਕਰਕੇ ਸਮਾਗਮ ਵਿੱਚ ਪਹੁੰਚੇ। ਸਮਾਗਮ ਦੀ ਸਮਾਪਤੀ ਮੌਕੇ ਭਾਈ ਗੁਰਦੇਵ ਸਿੰਘ ਕੋਹਾੜਕਾ ਹਜ਼ੂਰੀ ਰਾਗੀ ਜੀ ਵੱਲੋਂ ਰਸ-ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ । ਪਹੁੰਚੇ ਪਤਵੰਤਿਆਂ ਨੂੰ ਸਿਰੋਪਾਓ ਅਤੇ ਲੋਈ ਦੇਕੇ ਸਨਮਾਨਿਤ ਕੀਤਾ ਗਿਆ।

# ਮਨ ਵਿਚਾਰ ਬੀਜਦਾ ਹੈ, ਦਿਮਾਗ. ਸਫਲਤਾ ਉਪਜਦਾ ਹੈ



ਇਹ ਇਕ ਸਥਾਪਿਤ ਸੱਚਾਈ ਹੈ ਕਿ ਮਨੁੱਖੀ ਸਫਲਤਾ ਨਾ ਤਾਂ ਇਤਫ਼ਾਕੀ ਹੁੰਦੀ ਹੈ ਅਤੇ ਨਾ ਹੀ ਸਿਰਫ਼ ਹਾਲਾਤਾਂ ਦੀ ਪੈਦਾਵਾਰ, ਬਲਕਿ ਇਹ ਮਨ ਵਿੱਚ ਬੀਜੇ ਗਏ ਵਿਚਾਰਾਂ ਅਤੇ ਦਿਮਾਗ. ਦੁਆਰਾ ਉਨ੍ਹਾਂ ਦੀ ਨਿਯਮ ਪਾਲਣਾ ਦਾ ਜੈਵਿਕ ਅਤੇ ਮਨੋਵਿਗਿਆਨਕ ਨਤੀਜ਼ਾ ਹੁੰਦਾ ਹੈ।ਆਧੁਨਿਕ ਮਨੋਵਿਗਿਆਨ ਅਤੇ ਵਿਉਹਾਰਕ ਇਲਾਜ਼ ਸਪੱਸ਼ਟ ਕਰਦੇ ਹਨ ਕਿ ਮਨ ਇਰਾਦੇ ਅਤੇ ਧਾਰਣਾਵਾਂ ਦੀ ਸ਼ੁਰੂਆਤ ਕਰਦਾ ਹੈ, ਜਦਕਿ ਦਿਮਾਗ. ਨਿਊਰਲ ਪਲਾਸਟਿਸਿਟੀ, ਕੇਂਦ੍ਰਿਤ ਧਿਆਨ, ਦੁਹਰਾਅ ਅਤੇ ਯਤਨਾਂ ਰਾਹੀਂ ਇਨ੍ਹਾਂ ਵਿਚਾਰਾਂ ਨੂੰ ਮਾਪਯੋਗ ਬੁਲੰਦੀਆਂ ਵਿੱਚ ਬਦਲ ਦਿੰਦਾ ਹੈ।

ਹਰ ਵਿਗਿਆਨਕ ਖੋਜ, ਕਲਾਤਮਕ ਸ਼ਾਹਕਾਰ, ਤਕਨੀਕੀ ਨਵੀਨਤਾ ਅਤੇ ਨਿੱਜੀ ਉਪਲੱਬਧੀ ਦੀ ਸ਼ੁਰੂਆਤ ਇੱਕ ਸਾਧਾਰਣ ਵਿਚਾਰ ਤੋਂ ਹੁੰਦੀ ਹੈ। ਭਾਵੇਂ ਵਿਚਾਰ ਸਾਦੇ ਹੁੰਦੇ ਹਨ, ਪਰ ਉਨ੍ਹਾਂ ਦੀ ਸਕਰਾਤਮਕਤਾ ਮਨੁੱਖੀ ਦਿਮਾਗ. ਵਿੱਚ ਹੋਣ ਵਾਲੀਆਂ ਠੋਸ ਜੈਵਿਕ ਪ੍ਰਕਿਰਿਆਵਾਂ ’ਤੇ ਨਿਰਭਰ ਕਰਦੀ ਹੈ।ਮਨ ਉਸ ਖੇਤਰ ਵਾਂਗ ਹੈ ਜਿੱਥੇ ਵਿਚਾਰ ਬੀਜੇ ਜਾਂਦੇ ਹਨ, ਜਦਕਿ ਦਿਮਾਗ. ਉਹ ਜੈਵਿਕ ਯੰਤਰ ਹੈ ਜੋ ਉਨ੍ਹਾਂ ਦੀ ਸੰਭਾਲ, ਵਿਵਸਥਾ ਅਤੇ ਅਮਲ ਕਰਦਾ ਹੈ। ਮਨ-ਦਿਮਾਗ. ਦੇ ਇਸ ਸੰਬੰਧ ਨੂੰ ਸਮਝਣਾ ਸਫਲਤਾ, ਮਾਨਸਿਕ ਸਿਹਤ, ਉਤਪਾਦਕਤਾ ਅਤੇ ਨਿੱਜੀ ਵਿਕਾਸ ਬਾਰੇ ਮਹੱਤਵਪੂਰਨ ਦਰਸ਼ਨ ਪ੍ਰਦਾਨ ਕਰਦਾ ਹੈ।

**ਮਨ-ਦਿਮਾਗ. ਸੰਪਰਕ**-ਇਲਾਜ਼ ਅਤੇ ਨਿਊਰੋਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ, ਮਨ ਉੱਚ ਪੱਧਰੀ ਬੌਧਿਕ ਪ੍ਰਕਿਰਿਆਵਾਂ—ਜਿਵੇਂ ਇਰਾਦਾ, ਕਲਪਨਾ ਅਤੇ ਪ੍ਰੇਰਣਾ—ਦਾ ਪ੍ਰਤੀਕ ਹੈ, ਜਦਕਿ ਦਿਮਾਗ. ਭੌਤਿਕ ਅੰਗ ਹੈ ਜੋ ਇਨ੍ਹਾਂ ਪ੍ਰਕਿਰਿਆਵਾਂ ਨੂੰ ਨਿਊਰਲ ਨੈੱਟਵਰਕਾਂ ਰਾਹੀਂ ਅਮਲ ਵਿੱਚ ਲਿਆਉਂਦਾ ਹੈ। ਜਦੋਂ ਕੋਈ ਵਿਚਾਰ ਸੁਚੇਤ ਤੌਰ ’ਤੇ ਬਣਦਾ ਹੈ ਤਾਂ ਇਹ ਦਿਮਾਗ. ਦੇ ਖ਼ਾਸ ਹਿੱਸਿਆਂ ਨੂੰ ਸਰਗਰਮ ਕਰਦਾ ਹੈ, ਖ਼ਾਸ ਕਰਕੇ ਪ੍ਰੀਫਰੰਟਲ ਕੋਰਟੈਕਸ ਨੂੰ, ਜੋ ਯੋਜਨਾ ਬਣਾਉਣ, ਫ਼ੈਸਲੇ ਲੈਣ ਅਤੇ ਟੀਚੇ ਨਿਰਧਾਰਤ ਕਰਨ ਲਈ ਜ਼ਿੰਮੇਵਾਰ ਹੈ।ਫੰਕਸ਼ਨਲ ਨਿਊਰੋਇਮੇਜਿੰਗ ਅਧਿਐਨ ਦਰਸਾਉਂਦੇ ਹਨ ਕਿ ਕਿਸੇ ਵਿਚਾਰ ’ਤੇ ਵਾਰ-ਵਾਰ ਕੇਂਦ੍ਰਿਤ ਧਿਆਨ ਦੇਣ ਨਾਲ ਨਿਊਰੋਪਲਾਸਟਿਸਿਟੀ ਰਾਹੀਂ ਸਿਨੈਪਟਿਕ ਸੰਬੰਧ ਮਜ਼ਬੂਤ ਹੁੰਦੇ ਹਨ—ਅਰਥਾਤ ਦਿਮਾਗ. ਅਨੁਭਵ ਦੇ ਅਨੁਸਾਰ ਆਪਣੇ ਆਪ ਨੂੰ ਦੁਬਾਰਾ ਵਿਵਸਥਿਤ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਤਰ੍ਹਾਂ ਵਿਚਾਰ ਆਮ ਨਹੀਂ ਰਹਿੰਦਾ, ਸਗੋਂ ਨਿਊਰਲ ਸਰਕਟਾਂ ਵਿੱਚ ਜੈਵਿਕ ਤੌਰ ’ਤੇ ਰੱਚ ਜਾਂਦਾ ਹੈ, ਜੋ ਵਿਉਹਾਰ ਅਤੇ ਕਰਮਾਂ ਨੂੰ ਦਿਸ਼ਾ ਦਿੰਦੇ ਹਨ।

**ਮਨ ਨੂੰ ਵੱਸ ਵਿਚ ਕਰਨਾ**-ਬੇਲਗਾਮ ਮਨ ਵੱਖਰੇਵੇਂ, ਭਾਵਨਾਤਮਕ ਪ੍ਰਤੀਕਿਰਿਆ ਅਤੇ ਬੌਧਿਕ ਬੋਝ ਨਾਲ ਭਰਿਆ ਹੁੰਦਾ ਹੈ। ਨਿਊਰੋਸਾਇੰਸ ਇਸ ਅਵਸਥਾ ਨੂੰ ਡਿਫਾਲਟ ਮੋਡ ਨੈੱਟਵਰਕ ਦੀ ਅਤਿ ਸਰਗਰਮੀ ਨਾਲ ਜੋੜਦਾ ਹੈ, ਜੋ ਮਨ-ਭਟਕਾਅ, ਰੁਮੀਨੇਸ਼ਨ ਅਤੇ ਚਿੰਤਾ ਨਾਲ ਸੰਬੰਧਿਤ ਹੈ। ਇਹ ਮਾਨਸਿਕ ਸ਼ੋਰ ਟੀਚਾ-ਕੇਂਦ੍ਰਿਤ ਵਿਉਹਾਰ ਨੂੰ ਪ੍ਰਭਾਵਿਤ ਕਰਦਾ ਹੈ।

ਮਨ ਨੂੰ ਵਸ ਵਿਚ ਕਰਨ ਦਾ ਅਰਥ ਹੈ ਏਗਜ਼ੈਕਿਊਟਿਵ ਕੰਟਰੋਲ ਨੈੱਟਵਰਕਾਂ ਨੂੰ ਮਜ਼ਬੂਤ ਕਰਨਾ, ਜੋ ਮਾਈਂਡਫੁਲਨੈੱਸ, ਬੌਧਿਕ ਅਨੁਸ਼ਾਸਨ ਅਤੇ ਭਾਵਨਾਤਮਕ ਨਿਯੰਤਰਣ ਵਰਗੀਆਂ ਅਭਿਆਸਾਂ ਰਾਹੀਂ ਸੰਭਵ ਹੈ। ਮਨੋਵਿਗਿਆਨਕ ਅਧਿਐਨਾਂ ਅਤੇ ਖੋਜਾਂ ਦੱਸਦੀਆਂ ਹਨ ਕਿ ਨਿਯਮਿਤ ਧਿਆਨ ਅਭਿਆਸ ਕੋਰਟੀਸੋਲ ਵਰਗੇ ਤਣਾਅ ਹਾਰਮੋਨਾਂ ਨੂੰ ਘਟਾਉਂਦੇ ਹਨ, ਪ੍ਰੀਫਰੰਟਲ ਕੋਰਟੈਕਸ ਦੀ ਕਾਰਗੁਜ਼ਾਰੀ ਸੁਧਾਰਦੇ ਹਨ ਅਤੇ ਭਾਵਨਾਤਮਕ ਸਥਿਰਤਾ ਵਧਾਉਂਦੇ ਹਨ। ਅਨੁਸ਼ਾਸਿਤ ਮਨ ਵਿਚਾਰਾਂ ਨੂੰ ਡਰ, ਸੰਦੇਹ ਜਾਂ ਵਖਰੇਵੇਂ ਤੋਂ ਬਿਨਾਂ ਪੱਕਾ ਹੋਣ ਦਿੰਦਾ ਹੈ।

**ਏਕਾਗ੍ਰਤਾ ਦੀ ਮਹੱਤਤਾ**-ਏਕਾਗ੍ਰਤਾ ਸਿਰਫ਼ ਮਨੋਵਿਗਿਆਨਕ ਗੁਣ ਨਹੀਂ, ਸਗੋਂ ਇੱਕ ਨਿਊਰੋਜੈਵਿਕ ਗੁਣਾਕਾਰ ਹੈ। ਲੰਬੇ ਸਮੇਂ ਤੱਕ ਧਿਆਨ ਬਣਾਈ ਰੱਖਣ ਨਾਲ ਦਿਮਾਗ. ਦੇ ਵੱਖ-ਵੱਖ ਹਿੱਸਿਆਂ ਵਿਚਕਾਰ ਸਾਂਝ ਅਤੇ ਸੰਚਾਰ ਮਜ਼ਬੂਤ ਹੁੰਦਾ ਹੈ। ਵਿਗਿਆਨਕ ਅਧਿਐਨ ਦਰਸਾਉਂਦੇ ਹਨ ਕਿ ਗਹਿਰੀ ਏਕਾਗ੍ਰਤਾ ਇੱਕ ਅਜਿਹੀ ਅਵਸਥਾ ਪੈਦਾ ਕਰਦੀ ਹੈ, ਜਿੱਥੇ ਬੌਧਿਕ ਦੱਖਲਅੰਦਾਜ਼ੀ ਸਿਖਰ ’ਤੇ ਹੁੰਦੀ ਹੈ ਅਤੇ ਕਾਰਗੁਜ਼ਾਰੀ ਮਹੱਤਵਪੂਰਨ ਤੌਰ ’ਤੇ ਸੁਧਰਦੀ ਹੈ। ਇਸ ਅਵਸਥਾ ਵਿੱਚ ਦਿਮਾਗ. ਊਰਜਾ ਦੀ ਬਰਬਾਦੀ ਘਟਾ ਕੇ ਆਪਣੇ ਸਰੋਤ ਇਕੋ ਕੰਮ ਵੱਲ ਮੋੜ ਦਿੰਦਾ ਹੈ, ਜਿਸ ਨਾਲ ਵਿਚਾਰ ਜਲਦੀ ਹਕੀਕਤ ਬਣਦੇ ਹਨ।

**ਲਗਾਤਾਰਤਾ ਅਤੇ ਦੁਹਰਾਈ** -ਸਫਲਤਾ ਅਕਸਰ ਇੱਕੋ ਯਤਨ ਦਾ ਨਤੀਜ਼ਾ ਨਹੀਂ ਹੁੰਦੀ, ਬਲਕਿ ਲਗਾਤਾਰਤਾ ਨਾਲ ਉਭਰਦੀ ਹੈ। ਕਿਸੇ ਵਿਚਾਰ ਨਾਲ ਵਾਰ-ਵਾਰ ਜੁੜੇ ਰਹਿਣ ਨਾਲ ਲਾਂਗ-ਟਰਮ ਪੋਟੈਂਸ਼ੀਏਸ਼ਨ ਰਾਹੀਂ ਨਿਊਰਲ ਰਾਹ ਮਜ਼ਬੂਤ ਹੁੰਦੇ ਹਨ—ਜੋ ਸਿੱਖਣ ਅਤੇ ਯਾਦਦਾਸ਼ਤ ਦਾ ਪ੍ਰਮਾਣਿਤ ਤਰੀਕਾ ਹੈ। ਹਰ ਦੁਹਰਾਈ ਨਾਲ ਨਿਊਰਲ ਸੰਚਾਰ ਹੋਰ ਪ੍ਰਭਾਵਸ਼ਾਲੀ ਬਣਦਾ ਹੈ ਅਤੇ ਹੌਲੀ ਹੌਲੀ ਸੁਚੇਤ ਯਤਨ ਆਟੋਮੈਟਿਕ ਹੁਨਰ ਵਿੱਚ ਬਦਲ ਜਾਂਦਾ ਹੈ।

ਇਲਾਜ਼ ਦ੍ਰਿਸ਼ਟੀਕੋਣ ਤੋਂ, ਲਗਾਤਾਰਤਾ ਡੋਪਾਮੀਨ ਅਤੇ ਸੈਰੋਟੋਨਿਨ ਵਰਗੇ ਨਿਊਰੋਟ੍ਰਾਂਸਮੀਟਰਾਂ ਨੂੰ ਸੰਤੁਲਿਤ ਕਰਦੀ ਹੈ, ਜੋ ਡਟੇ ਰਹਿਣ ਅਤੇ ਭਾਵਨਾਤਮਕ ਸੰਤੁਲਨ ਲਈ ਲਾਜ਼ਮੀ ਹਨ। ਇਸ ਦੇ ਉਲਟ, ਟੁੱਟ-ਭੁੱਟ ਲਗਾਤਾਰਤਾ ਨਿਊਰਲ ਸਰਕਟਾਂ ਨੂੰ ਕਮਜ਼ੋਰ ਕਰ ਦਿੰਦੀ ਹੈ ਅਤੇ ਨਿਰਾਸ਼ਾ ਪੈਦਾ ਕਰਦੀ ਹੈ, ਜੋ ਅਕਸਰ ਟੀਚਿਆਂ ਤੋਂ ਹੱਥ ਖਿੱਚਣ ਦਾ ਕਾਰਨ ਬਣਦੀ ਹੈ।

**ਯਤਨਾਂ ਦੀ ਲੋੜ**-ਯਤਨ ਉਹ ਮੈਟਾਬੋਲਿਕ ਨਿਵੇਸ਼ ਹੈ ਜੋ ਸਮਰੱਥਾ ਨੂੰ ਕਾਰਗੁਜ਼ਾਰੀ ਵਿੱਚ ਬਦਲਦਾ ਹੈ। ਦਿਮਾਗ. ਭਾਵੇਂ ਸਰੀਰ ਦੇ ਭਾਰ ਦਾ ਸਿਰਫ਼ 2% ਹੈ, ਪਰ ਇਹ ਲਗਭਗ 20% ਊਰਜਾ ਦੀ ਖਪਤ ਕਰਦਾ ਹੈ। ਲੰਬੇ ਸਮੇਂ ਤੱਕ ਮਾਨਸਿਕ ਜਾਂ ਸਰੀਰਕ ਯਤਨਾਂ ਨਾਲ ਗਲੂਕੋਜ਼ ਦੀ ਵਰਤੋਂ, ਆਕਸੀਜ਼ਨ ਦੀ ਖਪਤ ਅਤੇ ਸਿਨੈਪਟਿਕ ਸਰਗਰਮੀ ਵੱਧਦੀ ਹੈ।

ਵਿਗਿਆਨਕ ਸਬੂਤ ਦਰਸਾਉਂਦੇ ਹਨ ਕਿ ਯਤਨ ਬ੍ਰੇਨ-ਡਿਰਾਈਵਡ ਨਿਊਰੋਟ੍ਰੋਫਿਕ ਫੈਕਟਰ (24©6) ਵਰਗੇ ਗ੍ਰੋਥ ਫੈਕਟਰਾਂ ਨੂੰ ਉਤੇਜਿਤ ਕਰਦਾ ਹੈ, ਜੋ ਨਿਊਰੋਨਾਂ ਦੀ ਜੀਵਨਸ਼ੀਲਤਾ, ਸਿੱਖਣ ਅਤੇ ਅਨੁਕੂਲਤਾ ਲਈ ਜ਼ਰੂਰੀ ਹਨ। ਯਤਨ ਤੋਂ ਬਚਣਾ ਦਿਮਾਗ. ਨੂੰ ਇਨ੍ਹਾਂ ਵਿਕਾਸੀ ਸੰਕੇਤਾਂ ਤੋਂ ਵੰਚਿਤ ਕਰ ਦਿੰਦਾ ਹੈ, ਜਦਕਿ ਲਗਾਤਾਰ ਯਤਨ ਦਿਮਾਗ. ਨੂੰ ਜੈਵਿਕ ਤੌਰ ’ਤੇ ਸਹਿਨਸ਼ੀਲਤਾ ਅਤੇ ਸਫਲਤਾ ਲਈ ਤਿਆਰ ਕਰਦਾ ਹੈ।

**ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਸਿਧਾਂਤਾਂ ਦੀ ਸ਼ਮੂਲੀਅਤ**-ਇਨ੍ਹਾਂ ਵਿਗਿਆਨਕ ਵਿਚਾਰਾਂ ਨੂੰ ਰੋਜ਼ਾਨਾ ਵਿੱਚ ਲਿਆਉਣਾ ਬਹੁਤ ਜ਼ਰੂਰੀ ਹੈ। ਟੀਚਿਆਂ ਦੀ ਕਲਪਨਾ, ਵਿਧੀਬੱਧ ਕਿਰਿਆ, ਕੇਂਦ੍ਰਿਤ ਕੰਮ ਅੰਤਰਾਲ ਅਤੇ ਆਤਮ-ਮੰਥਨ ਵਰਗੀਆਂ ਅਭਿਆਸਾਂ ਮਨ ਦੀ ਨੀਅਤ ਨੂੰ ਨਿਊਰਲ ਅਮਲ ਨਾਲ ਜੋੜਦੀਆਂ ਹਨ। ਰੋਜ਼ਾਨਾ ਦੀ ਯੋਜਨਾ, ਵਖਰੇਵੇ-ਰਹਿਤ ਕੰਮ ਸਮਾਂ, ਸਰੀਰਕ ਕਸਰਤ ਅਤੇ ਪੂਰੀ ਨੀਂਦ ਵਰਗੀਆਂ ਸਧਾਰਣ ਆਦਤਾਂ ਦਿਮਾਗ. ਦੀ ਕਾਰਗੁਜ਼ਾਰੀ ਅਤੇ ਭਾਵਨਾਤਮਕ ਨਿਯੰਤਰਣ ਨੂੰ ਸੁਧਾਰਦੀਆਂ ਹਨ।

ਸਿਖਿਆ ਅਤੇ ਪੇਸ਼ਾਵਰ ਸੰਸਥਾਵਾਂ ਵਿੱਚ ਇਨ੍ਹਾਂ ਸਿਧਾਂਤਾਂ ਨੂੰ ਲਾਗੂ ਕਰਕੇ ਲੰਬੇ ਧਿਆਨ, ਪ੍ਰਕਿਰਿਆ-ਕੇਂਦ੍ਰਿਤ ਸਿੱਖਿਆ ਅਤੇ ਯਤਨ-ਅਧਾਰਿਤ ਮੁਲਾਂਕਣ ’ਤੇ ਜ਼ੋਰ ਦਿੱਤਾ ਜਾ ਸਕਦਾ ਹੈ, ਨਾ ਕਿ ਤੁਰੰਤ ਨਤੀਜ਼ਿਆਂ ’ਤੇ। ਇਹ ਤਰੀਕਾ ਉਪਲਬਧੀ ਵਧਾਉਂਦਾ ਹੈ ਅਤੇ ਤਣਾਅ, ਚਿੰਤਾ ਅਤੇ ਬਰਨਆਉਟ ਨੂੰ ਘਟਾਉਂਦਾ ਹੈ।

**ਮਾਨਸਿਕ ਸਿਹਤ ਅਤੇ ਸਮਾਜਕ ਪ੍ਰਭਾਵ**-ਵਿਚਾਰਾਂ ਦੇ ਸਫਲਤਾ ਵਿੱਚ ਬਦਲਣ ਦੀ ਸਮਝ ਮਾਨਸਿਕ ਸਿਹਤ ਲਈ ਡੂੰਘੇ ਅਰਥ ਰੱਖਦੀ ਹੈ। ਬਹੁਤ ਸਾਰੇ ਤਣਾਅ-ਸਬੰਧੀ ਰੋਗ ਟੁੱਟੇ ਹੋਏ ਧਿਆਨ, ਉਮੀਦਾਂ ਅਤੇ ਲਗਾਤਾਰਤਾ ਦੀ ਕਮੀ ਤੋਂ ਪੈਦਾ ਹੁੰਦੇ ਹਨ। ਮਨ ਨੂੰ ਕੇਂਦ੍ਰਿਤ ਕਰਨਾ, ਡਟੇ ਰਹਿਣ ਦੀ ਕਿਰਿਆ ਅਤੇ ਯਤਨ ਕਰਨ ਦੀ ਆਦਤ ਡਿਪ੍ਰੈਸ਼ਨ, ਚਿੰਤਾ ਅਤੇ ਬੌਧਿਕ ਥਕਾਵਟ ਤੋਂ ਬਚਾਅ ਲਈ ਇੱਕ ਰੋਕਥਾਮੀ ਢਾਂਚਾ ਮੁਹੱਈਆ ਕਰਦੀ ਹੈ।

ਸਮਾਜਕ ਪੱਧਰ ’ਤੇ, ਇਨ੍ਹਾਂ ਸਿਧਾਂਤਾਂ ਦੀ ਪ੍ਰਵਿਰਤੀ ਲਚੀਲੇ, ਨਵੀਨਤਾ-ਪ੍ਰੇਰਿਤ ਅਤੇ ਨੈਤਿਕ ਫ਼ੈਸਲੇ ਕਰਨ ਵਾਲੇ ਵਿਅਕਤੀ ਤਿਆਰ ਕਰ ਸਕਦੀ ਹੈ। ਤੇਜ਼ ਜਾਣਕਾਰੀ ਪ੍ਰਵਾਹ ਅਤੇ ਤੁਰੰਤ ਸੰਤੁਸ਼ਟੀ ਦੇ ਇਸ ਯੁੱਗ ਵਿੱਚ, ਟਿਕਾਊ ਸਫਲਤਾ ਦਾ ਵਿਗਿਆਨ ਪਹਿਲਾਂ ਨਾਲੋਂ ਵੀ ਵੱਧ ਮਹੱਤਵਪੂਰਨ ਹੈ।

ਵਿਚਾਰ ਤੋਂ ਸਫਲਤਾ ਤੱਕ ਦੀ ਯਾਤਰਾ ਵਿਗਿਆਨਕ ਤੌਰ ’ਤੇ ਸੰਰਚਿਤ ਪ੍ਰਕਿਰਿਆ ਹੈ। ਮਨ ਇਰਾਦੇ ਦਾ ਬੀਜ ਬੀਜਦਾ ਹੈ ਅਤੇ ਦਿਮਾਗ.—ਕੇਂਦ੍ਰਿਤ ਧਿਆਨ, ਅਨੁਸ਼ਾਸਨ, ਲਗਾਤਾਰਤਾ ਅਤੇ ਯਤਨਾਂ ਰਾਹੀਂ—ਉਪਲਬਧੀ ਦੀ ਫ਼ਸਲ ਕੱਟਦਾ ਹੈ। ਆਧੁਨਿਕ ਨਿਊਰੋਸਾਇੰਸ ਸਾਬਤ ਕਰਦੀ ਹੈ ਕਿ ਸਫਲਤਾ ਕੋਈ ਰਹੱਸ ਨਹੀਂ, ਸਗੋਂ ਇੱਕ ਮਾਪਯੋਗ ਅਤੇ ਸਿਖਲਾਈਯੋਗ ਜੈਵਿਕ ਪਰਿਘਟਨਾ ਹੈ। ਮਨ ਨੂੰ ਵਸ ਵਿਚ ਕਰਕੇ, ਏਕਾਗ੍ਰਤਾ ਮਜ਼ਬੂਤ ਕਰਕੇ, ਲਗਾਤਾਰਤਾ ਬਣਾਈ ਰੱਖ ਕੇ ਅਤੇ ਯਤਨ ਨੂੰ ਗਲੇ ਲਗਾ ਕੇ, ਮਨੁੱਖ ਸਧਾਰਣ ਵਿਚਾਰਾਂ ਨੂੰ ਟਿਕਾਊ ਸਫਲਤਾ ਵਿੱਚ ਬਦਲ ਸਕਦਾ ਹੈ। ਇਹ ਸਮਝ ਵਿਗਿਆਨ, ਸ਼ਿੱਖਿਆ, ਮਾਨਸਿਕ ਸਿਹਤ ਅਤੇ ਮਨੁੱਖੀ ਸਮਰੱਥਾ ਦਰਮਿਆਨ ਇੱਕ ਮਜ਼ਬੂਤ ਪੁਲ ਬਣਾਉਂਦੀ ਹੈ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਅੱਖਾਂ ਦਾ ਮੁ.ਫਤ ਅਪ੍ਰੇਸ਼ਨ ਕੈਂਪ 16 ਫਰਵਰੀ ਦਿਨ ਸੋਮਵਾਰ ਨੂੰ

**ਵਾਹਿਗੁਰੂ ਜੀ ਕਾ ਖਾਲਸਾ ॥**
**ਵਾਹਿਗੁਰੂ ਜੀ ਕੀ ਫਤਿਹ ॥**



ਸਮੂਹ ਨਗਰ ਨਿਵਾਸੀਆਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਪਿੰਡ ਭੰਗਵਾਂ ਨੇੜੇ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖ਼ੇ ਅੱਖਾਂ ਦਾ ਮੁ.ਫਤ ਅਪ੍ਰੇਸ਼ਨ ਕੈਂਪ ਲੱਗ ਰਿਹਾ ਹੈ। ਇਹ ਕੈਂਪ ਪਿੰਡ ਭੰਗਵਾਂ ਦੇ ਗੁਰਦੁਆਰਾ ਸਾਹਿਬ ਵਿੱਚ 16 ਫਰਵਰੀ 2026 ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਤੋਂ ਦੁਪਿਹਰ 12 ਵਜੇ ਤੱਕ ਲੱਗੇਗਾ। ਜਿਸ ਵਿੱਚ ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਪਹੁੰਚ ਰਹੇ ਹਨ। ਚਿੱਟੇ ਮੋਤੀਏ ਦੇ ਮੁ.ਫਤ ਆਪ੍ਰੇਸ਼ਨ ਕੀਤੇ ਜਾਣਗੇ। ਲੋੜਵੰਦ ਮਰੀਜ਼ ਆਪਣੇ ਅਧਾਰ ਕਾਰਡ ਦੀ ਫੋਟੋ ਕਾਪੀ ਅਤੇ ਜੋ ਦਵਾਈਆਂ ਉਹ ਖਾਂਦੇ ਹਨ ਜਾਂ ਜਿਹੜੀਆਂ ਐਨਕਾਂ ਉਹ ਲਗਾਉਂਦੇ ਹਨ ਜਰੂਰ ਨਾਲ ਲੈ ਕੇ ਆਉਣ। ਚੈੱਕਅਪ ਤੋਂ ਬਾਅਦ ਅਪ੍ਰੇਸ਼ਨ ਵਾਲੇ ਮਰੀਜਾਂ ਨੂੰ ਦੁਪਿਹਰ 2 ਵਜੇ ਬੱਸ ਰਾਹੀਂ ਸ਼ੰਕਰਾ ਹਸਪਤਾਲ ਲੁਧਿਆਣਾ ਭੇਜਿਆ ਜਾਵੇਗਾ। ਜਿੱਥੇ ਮਰੀਜ਼ਾਂ ਦੇ ਅਪ੍ਰੇਸ਼ਨ ਹੋਣਗੇ, ਉਨ੍ਹਾਂ ਦੇ ਰਹਿਣ ਅਤੇ ਖਾਣ- ਪੀਣ ਦਾ ਵਧੀਆ ਤੇ ਮੁ.ਫਤ ਪ੍ਰਬੰਧ ਹੋਵੇਗਾ।

**ਇਹ ਕੈਂਪ ਪਿੰਡ ਭੰਗਵਾਂ ਦੀ ਸੰਗਤ, ਭਾਈ ਜੁਗਰਾਜ ਸਿੰਘ ਭੰਗਵਾਂ ਅਤੇ ਬੀਬੀ ਜਸਮੀਤ ਕੌਰ ਛੀਨਾ ਵੱਲੋਂ ਸਾਂਝੇ ਤੌਰ ਤੇ ਲਗਾਇਆ ਜਾ ਰਿਹਾ ਹੈ।**

ਆਵਾਜ਼ਿ ਕੌਮ AWAZE QAUM International Newspaper & WEB TV

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

**ਭਾਈ ਜੁਗਰਾਜ ਸਿੰਘ ਭੰਗਵਾਂ ਮੋਬਾਇਲ ਨੰ : 95921- 60315**
**ਬੀਬੀ ਜਸਮੀਤ ਕੌਰ ਛੀਨਾ ਮੋਬਾਇਲ ਨੰ : 98559 - 73085**




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243